ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥
ਅਵਰਿ ਕਾਜ ਤੇਰੈ ਕਿਤੈ ਨ ਕਾਮ ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ੧ ॥
ਸਰੰਜਾਮਿ ਲਾਗੁ ਭਵਜਲ ਤਰਨ ਕੈ ॥
ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥ ੧ ॥ ਰਹਾਉ ॥

ਅੰਗ - ੧੨

ਸੋ ਗੁਰਮਤਿ ਸਿਖਾਉਂਦੀ ਹੈ ਕਿ ਉਹ ਕੰਮ ਨਾ ਕਰ, ਜਿਹਦੇ ਨਾਲ ਪ੍ਰਮੇਸ਼ਰ ਨਾਲੋਂ ਵਿਛੜ ਜਾਣਾ ਹੈ-

ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥
ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥

ਅੰਗ - ੧੩੮੧

ਇਸ ਤਰ੍ਹਾਂ ਸਿਖਾਉਂਦੀ ਹੈ -

ਧਾਰਨਾ - ਜਾਲਉ ਐਸੀ ਰੀਤਿ
ਜਿਤੁ ਮੈ ਪਿਆਰਾ ਵੀਸਰੈ ॥
ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ ॥
ਨਾਨਕ ਸਾਈ ਭਲੀ ਪਰੀਤਿ
ਜਿਤੁ ਸਾਹਿਬ ਸੇਤੀ ਪਤਿ ਰਹੈ ॥ ਅੰਗ - ੫੯੦

ਕਹਿਣ ਲੱਗੇ, ਭਾਈ ਧਿੰਙ! ਗੁਰਮਤਿ ਸਿਖਾਉਂਦੀ ਹੈ ਕਿ ਉਹ ਕੰਮ ਜਿਹਨਾਂ ਦੇ ਨਾਲ ਵਾਹਿਗੁਰੂ ਵਿਸਰਦੈ, ਨਾ ਕਰ। ਸੋ ਮਨ ਮਨਮਤਿ ਦਾ ਤਿਆਗ ਕਰ, ਗੁਰਮਤਿ ਨੂੰ ਧਾਰਨ ਕਰ। ਗੁਰਮਤਿ ਸਿਖਾਲਦੀ ਹੈ ਅਹਿੰਸਾ। ਨਾ ਸਰੀਰ ਨਾਲ ਕਿਸੇ ਨੂੰ ਦੁਖ ਪਹੁੰਚਾ, ਨਾ ਬਚਨ ਨਾਲ ਕਿਸੇ ਦਾ ਹਿਰਦਾ ਛਾਲਣੀ-ਛਾਲਣੀ ਕਰ, ਨਾ ਮਨ ਦੇ ਨਾਲ ਕਿਸੇ ਦਾ ਬੁਰਾ ਸੋਚ। ਗੁਰਮਤਿ ਸਿਖਾਲਦੀ ਹੈ ਕਿ ਸਦਾ ਇਹ ਕਹਿ ਕਿ-

ਨਾਨਕ ਨਾਮ ਚੜ੍ਹਦੀ ਕਲਾ।
ਤੇਰੇ ਭਾਣੇ ਸਰਬੱਤ ਦਾ ਭਲਾ।

ਬੁਰਾ ਨਾ ਸੋਚੀਂ। ਗੁਰਮਤਿ ਸਿਖਾਲਦੀ ਹੈ ਕਿ-

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥

ਅੰਗ - ੧੩੮੨

ਸੋ ਗੁਰਮਤਿ ਸਿਖਾਲਦੀ ਹੈ, ਸਤਿ ਦਾ ਜੀਵਨ। ਅਹਿੰਸਾ ਸਿਖਾਲਦੀ ਹੈ। ਸਰੀਰਕ ਅਹਿੰਸਾ, ਮਾਨਸਿਕ ਅਹਿੰਸਾ, ਵਾਚਕ ਅਹਿੰਸਾ, ਬੁੱਧੀ ਦੀ ਅਹਿੰਸਾ। ਕਿਸੇ ਤਰੀਕੇ ਨਾਲ ਵੀ ਤੂੰ ਕਿਸੇ ਨੂੰ ਨੁਕਸਾਨ ਪਹੁੰਚਾਉਣ ਦੀ ਗੱਲ ਸੋਚ ਹੀ ਨਾ। ਫੇਰ ਸਤਿ ਦਾ ਜੀਵਨ,

ਮਿਲਾਵਟ ਦਾ ਜੀਵਨ ਨਾ ਹੋਵੇ। ਅੰਦਰੋਂ ਹੋਰ ਬਾਹਰੋਂ ਹੋਰ। ਬਚਨ ਕਰਿਆ। 'ਬਚਨੁ ਕਰੇ ਤੈ ਖਿਸਕਿ ਜਾਇ ਬੋਲੇ ਸਭੁ ਕਚਾ।' ਸਤਿ ਦਾ ਜੀਵਨ ਧਾਰਨ ਕਰ, ਜੋ ਕੁਛ ਬੋਲਦਾ ਹੈਂ ਉਹਦੇ ਉਤੇ ਪਹਿਰਾ ਦੇ। ਉਹ ਤਿਆਗ ਸਿਖਾਲਦੀ ਹੈ, ਪਰ-ਧਨ ਦਾ, ਤਿਆਗ ਸਿਖਾਲਦੀ ਹੈ ਪਰਾਏ ਤਨ ਦਾ, ਨਿਮਰਤਾ ਸਿਖਾਲਦੀ ਹੈ, ਧੀਰਜ ਹਿਰਦੇ ਵਿਚ ਪੈਦਾ ਕਰਦੀ ਹੈ। ਖਿਮਾ ਪੈਦਾ ਕਰਦੀ ਹੈ। ਹਿਰਦਾ ਕੋਮਲ ਹੁੰਦੈ। ਕੋਮਲ ਵਾਕ ਨਿਕਲਦੇ ਨੇ। ਖਾਣ ਪੀਣ ਦੀ ਮਰਿਆਦਾ ਸਿਖਾਲਦੀ ਹੈ -

ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ।
ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤਿ।
ਪਾਤਸ਼ਾਹੀ ੧੦

ਸੋ ਇਸ ਤਰ੍ਹਾਂ ਦੇ ਨਾਲ ਗੁਰਮਤਿ ਸਿਖਾਉਂਦੀ ਹੈ - ਤਪ, ਸੇਵਾ, ਸੰਤੋਖ, ਸ਼ਰਧਾ, ਦਾਨ, ਸੇਵਾ, ਪੂਜਾ, ਨਿਤਨੇਮ, ਭੁੱਖੇ ਨੂੰ ਪ੍ਰਸ਼ਾਦਾ ਛਕਾਉਣਾ। ਸੋ ਜਦੋਂ ਨਾਮ ਅਭਿਆਸ ਨਾਲ ਚਿਤ ਬਿਰਤੀਆਂ ਇਕਾਗਰ ਹੋ ਜਾਣ ਅਤੇ ਸਾਰੇ ਰਮ ਰਹੇ ਵਾਹਿਗੁਰੂ ਨੂੰ ਆਪਣੇ ਅੰਗ-ਸੰਗ ਜਾਣ ਕੇ ਚਿਤ ਅਫੁਰ ਅਵਸਥਾ ਵਿਚ ਜੁੜ ਜਾਵੇ ਤਾਂ ਪ੍ਰੇਮੀਆ! ਜਿਹੜੇ ਕਲੇਸ਼ਾਂ ਦਾ ਤੂੰ ਜ਼ਿਕਰ ਕੀਤਾ ਹੈ, ਪੰਜੇ ਕਲੇਸ਼, ਅਵਿਦਿਆ, ਹੈ ਇਥੇ ਸਾਰੇ ਵਾਹਿਗੁਰੂ, ਪਰ ਉਸ ਤੋਂ ignorant ਰਹਿਣਾ। ਦ੍ਰਿਸ਼ ਤੇ ਦ੍ਰਿਸ਼ਟੇ ਨੂੰ ਇਕ ਜਾਨਣਾ। ਇਹ ਭੁੱਲ ਹੈ ਅਸਮਿਤਾ ਦੀ, ਅਭਿਨਿਵੇਸ਼ ਦੀ, ਰਾਗ ਦ੍ਵੈਸ਼ ਦੀ, ਮੌਤ ਦੇ ਭੈ ਤੋਂ ਘਬਰਾਹਟ, ਇਹ ਪੰਜੇ ਕਲੇਸ਼ ਜਦੋਂ ਚਿਤ ਅਫੁਰ ਹੋ ਜਾਂਦਾ ਹੈ, ਉਹਦੇ 'ਚੋਂ ਨਿਕਲ ਜਾਂਦੇ ਨੇ।

ਕਹਿਣ ਲੱਗੇ, ਦੇਖ! ਤੇਰੀ ਜਾਤ ਦਾ ਇਕ ਗੁਰਮੁਖ ਹੋਇਐ, ਥੋੜ੍ਹੀ ਦੇਰ ਪਹਿਲਾਂ। ਉਹ ਬਹੁਤ ਉੱਚਾ-ਸੁੱਚਾ ਹੋਇਆ। ਤੈਨੂੰ ਪਤੈ? ਕਹਿੰਦਾ, ਨਾ ਮਹਾਰਾਜ ਮੈਂ ਤਾਂ ਸੁਣਿਆ ਨਹੀਂ ਹੈ। ਕ੍ਰਿਪਾ ਕਰਕੇ ਮੈਨੂੰ ਆਪ ਉਸ ਦੇ ਬਾਰੇ ਚਾਨਣਾ ਪਾਓ। ਕੌਣ ਹੈ ਸਾਡੀ ਕੁਲ ਦੇ ਵਿਚੋਂ ਜਿਹੜਾ ਐਡੀ ਪਦਵੀ ਨੂੰ ਪ੍ਰਾਪਤ ਹੋ ਗਿਆ ਜਿਸ ਦਾ ਜ਼ਿਕਰ ਆਪ ਕਰਦੇ ਹੋਂ। ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਉਹਦੇ ਬਾਰੇ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

ਧਾਰਨਾ - ਉਹ ਘਰ-ਘਰ ਸੁਣਿਆ ਜੀ,
ਸੈਣ ਨਾਈ ਭੁਤਕਾਰੀਆ।
ਸੈਨੁ ਨਾਈ ਭੁਤਕਾਰੀਆ ਓਹੁ ਘਰਿ ਘਰਿ ਸੁਨਿਆ ॥
ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ ॥
ਅੰਗ - ੪੮੮

ਕਹਿਣ ਲੱਗੇ, ਬੁੱਤੀਆਂ ਕਰਨ ਵਾਲਾ। ਗਰੀਬ ਆਦਮੀ, ਹਰੇਕ ਦੇ ਘਰ, ਕਿਸੇ ਦੇ ਵਿਆਹ ਸਮੇਂ ਜਾਣਾ, ਕਿਸੇ ਦੇ ਮੰਗਣੇ ਸਮੇਂ ਜਾਣਾ, ਕਿਸੇ ਦੇ ਮਹਿਮਾਨ ਆਉਣੇ ਤਾਂ ਜਾਣਾ, ਜਾ ਕੇ ਪ੍ਰਸ਼ਾਦਾ ਵਗੈਰਾ ਬਣਾਉਣਾ। ਹੋਰ ਕਿਸੇ ਨੇ ਸੁਨੇਹਾ ਭੇਜਣਾ ਰਿਸ਼ਤੇਦਾਰੀ 'ਚ, ਵਿਆਹ ਸ਼ਾਦੀ ਦੀ ਗੱਠ ਭੇਜਣੀ ਹੈ ਤਾਂ ਉਹਨੇ ਲੈ ਕੇ ਜਾਣੀ ਹੈ। ਸੋ ਐਸੇ ਕੰਮ ਕਰਨ ਵਾਲਾ ਇਕ ਜਿਸ ਦਾ ਨਾਮ ਸੈਣ ਸੀ, ਉਹ part time ਨੌਕਰੀ ਵੀ ਕਰਦਾ ਸੀ ਤੇ ਇਕ ਪਹਿਰ ਵਾਸਤੇ ਰਾਜਾ ਰਾਮ ਸਿੰਘ ਦੇ ਪਾਸ ਜਾ ਕੇ ਉਹਦੀ ਮਾਲਿਸ਼ ਕਰਿਆ ਕਰਦਾ ਸੀ। ਉਹਦੇ ਇਕ ਫੋੜਾ ਸੀ ਬਹੁਤ ਦੁਖਦਾਈ, ਜਦੋਂ ਤਕ ਇਹ ਮਾਲਿਸ਼ ਨਹੀਂ ਸੀ ਕਰਦਾ ਇਕ ਪਹਿਰ ਉਹਦਾ ਸਰੀਰ ਜਲਦਾ ਰਹਿੰਦਾ ਸੀ। ਸੋ ਇਹ ਪ੍ਰੇਮੀ ਬਾਂਧਵਗੜ੍ਹ ਦੇ ਰਹਿਣ ਵਾਲਾ, ਜਿਸ ਦਾ ਨਾਮ ਸੈਣ ਹੈ। ਉਸ ਦਾ ਅਸੀਂ ਜ਼ਿਕਰ ਕਰਦੇ ਹਾਂ ਕਿ ਜਦੋਂ ਉਸ ਨੇ ਭਗਤੀ ਕੀਤੀ ਤਾਂ ਉਹ ਵੱਡੇ-ਵੱਡੇ ਭਗਤਾਂ ਦੇ ਵਿਚ ਗਿਣਿਆ ਗਿਆ ਤੇ ਉਸਨੂੰ ਜਿਹੜੀ ਲਗਨ ਲੱਗੀ ਉਹ ਕਬੀਰ ਸਾਹਿਬ ਨੂੰ ਦੇਖ ਕੇ ਲੱਗੀ। ਕਬੀਰ ਸਾਹਿਬ ਦੇ ਬਾਰੇ ਸੁਣ ਲਿਆ -

ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ ॥
ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ ॥
ਅੰਗ- ੪੮੭
ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ ॥
ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ ॥
ਅੰਗ - ੪੮੭

ਸੋ ਕਬੀਰ ਦੇ ਬਾਰੇ ਸੁਣ ਕੇ -

ਸੁਣਿ ਪਰਤਾਪ ਕਬੀਰ ਦਾ ਦੂਜਾ ਸਿਖ ਹੋਆ ਸੈਣ ਨਾਈ।
ਭਾਈ ਗੁਰਦਾਸ ਜੀ

ਇਹਨੇ ਵੀ ਆ ਕੇ ਰਾਮਾਨੰਦ ਜੀ ਆਪਣਾ ਗੁਰੂ ਧਾਰਨ ਕਰ ਲਿਆ। ਉਹਨਾਂ ਨੇ ਜੁਗਤ ਦਸ ਦਿਤੀ ਕਿ ਦੇਖ ਪ੍ਰੇਮੀਆ! ਰਸਤੇ ਦੋ ਨੇ। ਇਕ ਤਾਂ ਹੈ ਕੀੜੀ ਮਾਰਗ। ਕੀੜੀ ਵਾਂਗੂੰ ਹੌਲੀ-ਹੌਲੀ ਤੁਰਦੇ ਜਾਣਾ ਤੇ ਜੇ ਕੀੜੀ ਦੇ ਰਸਤੇ ਵਿਚ ਚਾਰ ਕੁ ਉਂਗਲ ਪਾਣੀ ਆ ਜਾਵੇ, ਉਹ ਲੰਘ ਨਹੀਂ ਸਕਿਆ ਕਰਦੀ। ਉਹ ਇੰਤਜ਼ਾਰ ਕਰੇਗੀ ਕਿ ਕਦੋਂ ਪਾਣੀ ਸੁਕਦੈ, ਕਦੋਂ ਮੈਂ ਲੰਘਾਂ। ਜੇ ਵਿਚ ਵੜੇਗੀ ਪਾਣੀ ਤੁਰਦਾ ਹੋਇਆ ਰੋੜ੍ਹ ਕੇ ਲੈ ਜਾਏਗਾ ਉਸ ਨੂੰ। ਸੋ ਡਰਦੀ ਮਾਰੀ ਪਾਣੀ ਦੇ ਕੰਢੇ-ਕੰਢੇ ਤੁਰੀ ਫਿਰਦੀ ਹੈ ਕਦੇ ਓਧਰ ਨੂੰ,

ਕਦੇ ਏਧਰ ਨੂੰ। ਕੋਈ ਡੱਕਾ ਭਾਲਦੀ ਹੈ ਕਿ ਕੋਈ ਡੱਕਾ ਫਸਿਆ ਹੋਇਆ ਲੱਭ ਜਾਵੇ ਖਾਲੇ 'ਚ ਤੇ ਮੈਂ ਉਤੇ ਚੜ੍ਹ ਕੇ ਦੂਜੇ ਪਾਸੇ ਚਲੀ ਜਾਵਾਂ। ਬੜਾ ਭਾਰਾ ਰਸਿਕ ਹੈ। ਜੇ ਪਾਣੀ ਰੁੜ੍ਹ ਜਾਵੇ ਤਾਂ ਉਹ ਵੀ ਰੁੜ ਜਾਏਗੀ। ਸੋ ਇਕ ਤਾਂ ਰਸਤਾ ਹੈਗਾ ਇਹ। ਫਲ ਲੱਗਿਆ ਹੋਇਆ ਹੈ ਦਰਖ਼ਤ ਦੇ ਉਤੇ ਤੇ ਕੀੜੀ ਨੇ ਵੀ ਉਥੇ ਪਹੁੰਚਣਾ ਹੈ। ਕਿੰਨੀਆਂ ਰੁਕਾਵਟਾਂ ਆਉਂਦੀਆਂ ਨੇ। ਦੂਸਰਾ ਰਸਤਾ ਹੈ ਕਿ ਪੰਛੀ ਨੇ ਵੀ ਉਹ ਫਲ ਖਾਣਾ ਹੈ ਤੇ ਉਹਦੀ ਨਿਗ੍ਹਾ ਵਿਚ ਪੈ ਗਿਆ ਉਹ ਪੱਕਿਆ ਹੋਇਆ ਫਲ, ਉਹਨੇ ਉਡਾਰੀ ਮਾਰਨੀ ਹੈ ਝੱਟ ਆ ਕੇ ਫਲ ਖਾ ਲੈਣੈ।

ਸੋ ਤੂੰ ਗ੍ਰਿਹਸਤੀ ਹੈਂ, ਗ੍ਰਿਹਸਤੀਆਂ ਨੂੰ ਜੋ ਰਸਤਾ ਠੀਕ ਰਹਿੰਦੈ ਉਹ ਬਿਹੰਗਮ ਮਾਰਗ ਠੀਕ ਰਹਿੰਦੈ, ਚੀਟੀ ਮਾਰਗ ਨਹੀਂ। ਚੀਟੀ ਮਾਰਗ ਹੈ ਕਿ ਹੱਠ ਯੋਗ ਦੇ ਨਾਲ ਨੇਤੀ, ਧੋਤੀ, ਕਪਾਲੀ, ਬਸਤੀ ਆਦਿ ਦੀ ਕ੍ਰਿਆ ਕਰਕੇ ਫੇਰ ਹੱਠ ਯੋਗ ਕਰਨਾ। ਸਵਾਸਾਂ ਨੂੰ ਬਹੁਤ-ਬਹੁਤ ਦੇਰ ਅੰਦਰ ਰੱਖਣਾ। ਪ੍ਰਾਣਾਯਾਮ ਕਰਨਾ। ਪ੍ਰਾਣਾਯਾਮ ਦੀਆਂ ਬਹੁਤ ਕਿਸਮਾਂ ਨੇ। ਇਕ ਦੋ ਚਾਰ ਨਹੀਂ ਹੈ, ਸੈਂਕੜਿਆਂ ਦੀ ਗਿਣਤੀ 'ਚ ਕਿਸਮਾਂ ਨੇ। ਇਹ ਮਹਾਂਪੁਰਸ਼ ਜਾਣਦੇ ਨੇ, ਜਿਹੜੇ ਕਰਦੇ ਨੇ ਉਹਨਾਂ ਨੂੰ ਪਤਾ ਹੈ। ਸਾਰਾ ਅਨੁਭਵ ਹੁੰਦੈ ਕਿ ਆਹ ਜਿਹੜੀ ਕਿਸਮ ਹੈ, ਇਹਦਾ ਆਹ ਨੁਕਸ ਪੈਂਦਾ ਹੈ। ਸੋ ਉਸ ਤੋਂ ਬਾਅਦ ਪ੍ਰਾਣਾਯਾਮ ਦੇ ਨਾਲ ਚਿੱਤ ਥੋੜ੍ਹਾ ਇਕਾਗਰ ਹੋ ਜਾਇਆ ਕਰਦਾ ਹੈ। ਲੇਕਿਨ ਹਵਾ ਦਾ pressure (ਦਬਾਅ) ਪਾਉਂਦੇ ਨੇ ਨਾਭੀ 'ਤੇ। ਨਾਭੀ ਤੋਂ ਹੇਠਾਂ ਨੂੰ ਜਾਂਦੇ ਨੇ ਮੂਲਧਾਰ ਚੱਕਰ ਤੱਕ। ਮੂਲਧਾਰ ਚੱਕਰ ਉਥੇ ਹੈ ਜਿਥੋਂ ਰੀੜ੍ਹ ਦੀ ਹੱਡੀ ਸ਼ੁਰੂ ਹੁੰਦੀ ਹੈ, ਇਥੇ ਕੁੰਡਲਨੀ ਸ਼ਕਤੀ ਦਾ ਨਿਵਾਸ ਹੈ। ਇਲੈਕਟ੍ਰਾਨਿਕਸ ਜਿਹੜੀ ਸਾਰੇ ਸਰੀਰ ਵਿਚ ਹੈ, ਉਹਦਾ ਨਿਵਾਸ ਮੂਲਧਾਰ ਚੱਕਰ ਕੁੰਡਲਨੀ ਦਾ ਹੈ। ਲੇਕਿਨ ਇਥੇ ਨਾੜੀ ਹੈ ਜਿਹਦਾ ਨਾਂ ਭੁਚੰਗਾ ਨਾੜੀ ਹੈ। ਉਹ ਭੁਚੰਗਾ ਨਾੜੀ ਸੱਪ ਦੇ ਮੂੰਹ ਵਾਂਗੂੰ ਇਸ ਕੁੰਡਲਨੀ ਨਾੜੀ ਦੇ ਉਤੇ ਚੜ੍ਹੀ ਹੋਈ ਹੈ ਤੇ ਜਿਵੇਂ ਸੱਪ ਨੇ ਕੁਛ ਮੂੰਹ ਵਿਚ ਪਾਇਆ ਹੋਵੇ, ਇਸ ਤਰ੍ਹਾਂ ਪਾਈ ਹੋਈ ਹੈ। ਸੋ ਇਸ ਦੇ ਮੂੰਹ ਨੂੰ ਖੋਲ੍ਹਣ ਵਾਸਤੇ ਉਹ ਸਵਾਸਾਂ ਦਾ ਅਭਿਆਸ ਕਰਦੇ ਨੇ ਤੇ ਸਵਾਸਾਂ ਦੇ ਅਭਿਆਸ ਕਰਨ ਵਾਸਤੇ ਉਹਨਾਂ ਨੂੰ ਨੇਤੀ, ਧੋਤੀ, ਕਰਨੀ ਪੈਂਦੀ ਹੈ। ਬਹੁਤ ਕਰੜਾ ਸਾਧਨ ਹੈ। ਕਪਾਲੀ ਆਸਣ ਕਰਨਾ ਪੈਂਦਾ ਹੈ। ਬਸਤੀ ਕਰਨੀ ਪੈਂਦੀ ਹੈ ਤੇ ਪੰਜ ਮੁਦਰਾ ਦੇ ਵਿਚੀਂ ਲੰਘਣਾ ਪੈਂਦਾ ਹੈ। ਖੇਚਰੀ ਆਦਿ। ਕਹਿੰਦੇ ਬੜਾ ਸਮਾਂ ਲਗ ਜਾਂਦਾ ਹੈ। ਘਰ-ਬਾਰ ਛੱਡ ਕੇ ਜੰਗਲਾਂ 'ਚ ਜਾ ਕੇ ਰਹਿਣਾ ਪੈਂਦਾ ਹੈ, ਜਿਥੇ ਕੋਈ ਨਾ ਹੋਵੇ। ਸਰੀਰ ਵਿਚ ਭੋਰਾ ਕੁ ਨੁਕਸ ਪੈ ਗਿਆ, ਕ੍ਰਿਆ ਵਿਚ ਭੋਰਾ ਕੁ ਨੁਕਸ ਪੈ ਗਿਆ ਫੇਰ ਬੰਦਾ ਰਾਜ਼ੀ ਨਹੀਂ ਹੁੰਦਾ। ਅੱਜਕੱਲ੍ਹ ਦੇ ਕਲਜੁਗ ਦੇ ਸਮੇਂ ਵਿਚ ਦਸ ਹਜ਼ਾਰ ਜੇ ਕਰਨ ਲੱਗੇ ਤਾਂ ਇਹਦੇ 'ਚੋਂ ਇਕ ਲੰਘ ਜਾਵੇ ਤਾਂ ਲੰਘ ਜਾਵੇ ਨੌ ਹਜ਼ਾਰ, ਨੌਂ ਸੌ ਨਡਿੱਨਵੇਂ ਬੰਦੇ ਦਿਮਾਗ ਦੇ ਹਸਪਤਾਲ 'ਚ ਦਾਖਲ ਹੋ ਜਾਣਗੇ। ਕਿਉਂਕਿ brain ਨਹੀਂ ਰਹੇ, ਜਤ ਨਹੀਂ ਰਿਹਾ ਕਿਸੇ 'ਚ। ਬ੍ਰਹਮਚਰੀਆ ਨਹੀਂ ਰਿਹਾ। ਬ੍ਰਹਮਚਰੀਆ ਹੀ ਆਦਮੀ ਦੀ ਸ਼ਕਤੀ ਹੋਇਆ ਕਰਦੀ ਹੈ। ਜੇ ਬ੍ਰਹਮਚਰੀਆ ਹੀ ਨਾ ਰਿਹਾ, ਇਹਦੇ ਵਿਚ ਕੁਛ ਵੀ ਨਹੀਂ, ਇਹ ਤਾਂ ਮੁਰਦਾ ਤੁਰਿਆ ਫਿਰਦੈ। ਨਾ ਇਰਾਦਾ ਪੱਕਾ, ਨਾ ਇਹਦਾ ਧਿਆਨ ਲੱਗੇ। ਸਾਰਾ ਧਿਆਨ ਟੁੱਟ ਜਾਂਦਾ ਹੈ। ਆਪਣੇ ਧੇਅ ਨੂੰ ਪ੍ਰਤੱਖ ਰੂਪ ਦੇ ਅੰਦਰ ਦੇਖ ਨਹੀਂ ਸਕਦਾ ਕਿਉਂਕਿ ਬ੍ਰਹਮਚਰੀਆ ਨਹੀਂ ਹੈ। ਸੋ ਜੇ ਬ੍ਰਹਮਚਰੀਆ ਨਹੀਂ, ਨਾ ਪੜ੍ਹ ਸਕੇ, ਨਾ ਲਿਖ ਸਕੇ, ਨਸ਼ੇ ਖਾ ਕੇ ਫੇਰ ਗੁਜ਼ਾਰਾ ਕਰੇਗਾ। ਇਰਾਦੇ ਦੀ ਫੇਰ ਸਥਿਲਤਾ ਹੋ ਜਾਂਦੀ ਹੈ। ਨਾ ਨਿਤਨੇਮ ਕਰ ਸਕੇਗਾ। ਕੋਈ ਵੀ ਕੰਮ ਕਰਨ ਨੂੰ ਜੀਅ ਨਹੀਂ ਕਰੇਗਾ। ਜੇ ਕਰੇਗਾ ਤਾਂ ਮੰਜੇ 'ਤੇ ਪੈਣ ਨੂੰ ਜੀਅ ਕਰੇਗਾ। ਆਲਸੀ ਹੋ ਜਾਏਗਾ। ਨਾਹੁੰਣਾ ਨਹੀਂ, ਧੋਣਾ ਨਹੀਂ, ਦਰਿੱਦਰੀ ਹੋ ਜਾਏਗਾ, ਵਸਤਰ ਨਹੀਂ ਧੋਣੇ। ਸੋ ਇਹਨਾਂ ਤੋਂ ਪ੍ਰਾਣਾਯਾਮ ਕਿੱਥੇ ਹੋ ਸਕਣੈ।

ਸੋ ਉਹ ਭੁਚੰਗਾ ਨਾੜੀ ਦੇ ਮੂੰਹ ਦੇ ਉਤੇ ਬਾਰ-ਬਾਰ ਹੀਟ ਦਿੰਦੇ ਨੇ ਸਵਾਸਾਂ ਦੀ। ਸਾਲ ਲਗ ਜਾਏ, ਦੋ ਸਾਲ ਲਗ ਜਾਣ। ਅਖੀਰ ਉਹ ਨਾੜੀ ਨਰਮ ਹੋ ਜਾਂਦੀ ਹੈ। ਨਰਮ ਹੋ ਕੇ ਉਹਦਾ ਮੂੰਹ ਖੁਲ੍ਹ ਜਾਂਦਾ ਹੈ। ਜਦੋਂ ਮੂੰਹ ਖੁਲ੍ਹਿਆ ਤਾਂ ਉਹਦੇ ਵਿਚ ਸਵਾਸ ਦਾਖਲ ਕਰਕੇ ਮੂਲਧਾਰ ਚੱਕਰ 'ਚ ਦਾਖਲ ਹੋ ਜਾਂਦਾ ਹੈ। ਉਦੋਂ ਫੇਰ ਪੰਜੋ ਚੱਕਰ - ਨਾਭੀ ਦਾ ਚੱਕਰ ਹੈ, ਹਿਰਦੇ ਦਾ ਚੱਕਰ, ਕੰਠ ਦਾ ਚੱਕਰ ਹੈ, ਆਗਿਆ ਚੱਕਰ ਹੈ ਇਹਦੇ ਵਿਚ ਹੌਲੀ-ਹੌਲੀ ਸੁਰਤੀ ਨੂੰ ਚਾੜ੍ਹਦੇ ਨੇ। ਸਭ ਤੋਂ ਪਹਿਲਾਂ ਕੁੰਡਲਨੀ ਨੂੰ ਜਗਾਉਂਦੇ ਨੇ। ਜੇ ਤਾਂ ਕੁੰਡਲਨੀ ਰਾਸ ਪੈ ਜਾਏ ਫੇਰ ਤਾਂ ਇਹ ਕਰਦੀ ਹੈ ਮਦਦ, ਜੇ ਖਰਾਬ ਹੋ ਜਾਏ ਫੇਰ ਇਹ ਪਾਗਲ ਕਰ ਦਿੰਦੀ ਹੈ। ਸਰੀਰ ਵਿਚ ਇਹੋ ਜਿਹੇ ਵਿਗਾੜ ਪੈਂਦੇ ਨੇ।

ਇਕ ਮਹਾਤਮਾ ਦਸਦੇ ਸੀ। ਉਹ ਕੁੰਡਲਨੀ ਦਾ ਅਭਿਆਸ ਕਰਦੇ ਸੀ। ਉਹਨਾਂ ਦੇ ਸਾਰੇ ਸਰੀਰ ਦੇ ਉਤੇ ਪੈਰ ਦੇ ਅੰਗੂਠੇ ਤੋਂ ਲੇ ਕੇ ਸਿਰ ਤਕ ਫੋੜੇ ਹੀ ਫੋੜੇ ਹੋ ਗਏ। ਕੋਈ ਇਲਾਜ ਨਾ ਹੋਇਆ। ਕਹਿੰਦੇ, ਕੁੰਡਲਨੀ ਦਾ ਅਭਿਆਸ ਕਰਦੇ-ਕਰਦੇ ਗਲਤ ਹੋ ਗਿਆ ਕੰਮ ਕਿਉਂਕਿ ਇਲੈਕਟ੍ਰਾਨਿਸ ਦਾ ਭੰਡਾਰ ਹੈ, ਵਾਹਿਗੁਰੂ ਨੇ ਰੱਖਿਆ ਹੋਇਆ। ਮਨੁੱਖ ਉਥੇ ਤਕ ਪਹੁੰਚਣਾ ਚਾਹੁੰਦਾ ਹੈ। ਉਸ ਤੋਂ ਬਾਅਦ ਆਗਿਆ ਚੱਕਰ 'ਚ ਆ ਕੇ ਤ੍ਰਿਕੁਟੀ ਚੋਂ ਹੋ ਕੇ ਦਸਵੇਂ ਦੁਆਰ ਤਕ ਪਹੁੰਚਦੇ ਸੀ।

ਇਕ ਤਾਂ ਹੈ ਪ੍ਰੇਮੀਆਂ! ਇਹ ਰਸਤਾ। ਇਹ ਰਸਤਾ ਜੇ ਤੂੰ ਧਾਰਨ ਕਰਨਾ ਹੈ ਤਾਂ ਸਭ ਕੁਛ ਛੱਡ ਦੇ। ਕੋਈ ਫੁਰਨਾ ਨਹੀਂ ਕਰਨਾ। ਦੁਨੀਆਂ ਨੂੰ ਸੁਪਨਾ ਜਾਣਨਾ ਹੈ ਕਿ ਸੁਪਨਾ ਸੀਗਾ। ਇਹਨੂੰ ਅਸਤਿ ਜਾਣ ਕੇ ਇਕ ਪਾਸੇ ਹੋ ਜਾ। ਆਹਾਰ ਘਟਾ ਦੇ, ਵਿਹਾਰ ਬਿਲਕੁਲ ਛੱਡ ਦੇ। ਆਚਾਰ ਸੁੱਚੇ ਕਰ ਲੈ। ਸਾਲ ਲਗ ਜਾਏ, ਦਸ ਸਾਲ ਲਗ ਜਾਣ, 50 ਲਗ ਜਾਣ, ਤੇਰੀ ਸਾਰੀ ਉਮਰ ਲਗ ਜਾਏ ਕੋਈ ਗਾਰੰਟੀ ਨਹੀਂ। ਦੂਸਰਾ ਹੈਗਾ - ਬਿਹੰਗਮ ਮਾਰਗ। ਇਹਦੇ 'ਚ ਹੈ ਗੁਰੂ ਭਗਤੀ। ਗੁਰੂ ਦੇ ਬਚਨਾਂ ਦੇ ਉਤੇ ਸ਼ਰਧਾ। ਸੋ ਗੁਰੂ ਇਹਦੇ ਵਿਚ ਸ਼ਬਦ ਦੀ ਦਾਤ ਦਿੰਦੈ। ਉਸ ਸ਼ਬਦ ਨੂੰ ਸੁਰਤ ਦੇ ਨਾਲ ਜੋੜਨਾ ਹੈ। ਕਿਰਿਆ ਗੁਰੂ ਦਸ ਦਿੰਦੈ। ਪ੍ਰਾਣਾਯਾਮ ਇਹਦੇ ਵਿਚ ਵੀ ਹੈਗਾ। ਲੇਕਿਨ ਹੋਰ ਤਰ੍ਹਾਂ ਦਾ ਹੈ। ਉਹ ਨਹੀਂ ਹੈ ਜਿਹੜਾ ਭੁਚੰਗਾ ਨਾੜੀ ਨੂੰ ਪਿਛੇ ਹਟਾ ਦੇਵੇ। ਇਹਦਾ ਪ੍ਰਾਣਾਯਾਮ ਹੋਰ ਹੈ। ਠੰਢਾ ਪ੍ਰਾਣਾਯਾਮ ਹੈ ਇਹਦਾ। ਥੋੜ੍ਹੀ ਦੇਰ ਵਿਚ ਹੀ ਰਸ ਆ ਜਾਂਦਾ ਹੈ। ਲਾਈਟ ਆ ਜਾਂਦੀ ਹੈ। ਇਕਾਗਰਤਾ ਵਧ ਜਾਂਦੀ ਹੈ। ਦ੍ਰਿੜ੍ਹ ਇਰਾਦਾ ਹੋ ਜਾਂਦਾ ਹੈ। ਸਰੀਰ ਤੰਦਰੁਸਤ ਹੋਣਾ ਸ਼ੁਰੂ ਹੋ ਜਾਂਦਾ ਹੈ। ਜੇ ਬਿਮਾਰ ਹੋਵੇ ਤਾਂ ਵੀ ਰਾਜ਼ੀ ਹੋ ਜਾਂਦਾ ਹੈ। ਕੋਈ ਬਿਮਾਰੀ ਨੇੜੇ ਤੇੜੇ ਨਹੀਂ ਰਹਿੰਦੀ। ਕੰਚਨ ਵਰਗਾ ਸਰੀਰ ਹੋਣਾ ਸ਼ੁਰੂ ਹੋ ਜਾਂਦਾ ਹੈ। ਬੁਢਾਪਾ ਖਤਮ ਹੋ ਜਾਂਦਾ ਹੈ। ਸੋ ਇਹ ਜੋ ਰਸਤਾ ਹੈ ਸੁਰਤਿ ਤੇ ਸਬਦਿ ਦਾ ਮਾਰਗ ਹੈ। ਦੋਹਾਂ ਵਿਚੋਂ ਜਿਹੜਾ ਕਹੇਂ ਅਸੀਂ ਤੈਨੂੰ ਦੇ ਦਿੰਦੇ ਹਾਂ। ਸੁਰਤਿ ਤੇ ਸਬਦਿ ਦੇ ਮਾਰਗ ਦੇ ਅੰਦਰ ਕੇਵਲ ਸੁਰਤ ਨੂੰ ਸ਼ਬਦ ਨਾਲ ਲਾਉਣਾ ਹੈ। ਸ਼ਬਦ ਦੀ ਧੁਨ ਹਰੇਕ ਦੇ ਅੰਦਰ ਚਲਦੀ ਹੈ। ਸੰਸਾਰ ਦੇ ਅੰਦਰ ਕੋਈ ਐਸਾ ਜੀਵ ਨਹੀਂ ਹੈ, ਨਾ ਧਰਤੀ, ਨਾ ਸੂਰਜ, ਨਾ ਚੰਦ ਨਾ ਤਾਰੇ, ਨਾ ਪਾਣੀ, ਨਾ ਪਉਣ ਜਿਹਦੇ ਅੰਦਰ ਨਾਮ ਦੀ ਧੁਨ ਨਾ ਹੋਵੇ -

ਨਾਮ ਕੇ ਧਾਰੇ ਸਗਲੇ ਜੰਤ ॥
ਨਾਮ ਕੇ ਧਾਰੇ ਖੰਡ ਬ੍ਰਹਮੰਡ ॥ *ਅੰਗ - ੨੮੪*

ਸਾਰਿਆਂ ਦੇ ਅੰਦਰ ਨਾਮ ਦੀ ਧੁਨ ਚਲਦੀ ਹੈ। ਉਹ ਨਾਮ ਦੀ ਧੁਨ ਦਬਾਈ ਹੋਈ ਹੈ। ਮਾਇਆ ਦੇ ਰੌਲੇ-ਘਚੌਲੇ ਨੇ -

ਮਾਇਆਧਾਰੀ ਅਤਿ ਅੰਨਾ ਬੋਲਾ ॥
ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥ *ਅੰਗ - ੩੧੩*

ਰੌਲਾ-ਘਚੋਲਾ ਮਚਿਆ ਪਿਆ ਹੈ। ਅੰਦਰਲੇ ਸ਼ਬਦ ਨੂੰ ਸੁਣਦਾ ਹੀ ਨਹੀਂ। ਜਦ ਦੇਖਦਾ ਹੈ ਬਾਹਰ- ਜਦ ਦੇਖਦਾ ਹੈ ਬਾਹਰ। ਅੰਦਰ ਤਾਂ ਜਾਣ ਦੀ ਸੋਚਦਾ ਹੀ ਨਹੀਂ। ਬਿਨਾਂ ਮਿਹਨਤ ਤੋਂ ਤਾਂ ਗੱਲ ਨਹੀਂ ਬਣਨੀ। ਮਿਹਨਤ ਤਾਂ ਕਰਨੀ ਪੈਣੀ ਹੈ, ਅੰਦਰ ਦੀ ਖੋਜ ਕਰਨੀ ਪੈਣੀ ਹੈ। ਟੋਲ੍ਹਦੇ-ਟੋਲ੍ਹਦੇ ਅਨੇਕ ਧੁਨੀਆਂ ਨੇ ਸਾਡੇ ਅੰਦਰ ਛੋਟੀਆਂ-ਛੋਟੀਆਂ, ਅਖੀਰ ਇਕ ਲੰਮੀ ਧੁਨ ਦਾ, ਵਿਚੋਂ ਹੀ ਪਤਾ ਲਗ ਜਾਂਦਾ ਹੈ। ਇਹ 'ਨਾਮ' ਉਹਦੇ ਨਾਲ ਰਲ ਜਾਂਦਾ ਹੈ। ਫੇਰ -

ਸਬਦਿ ਗੁਰੂ ਸੁਰਤਿ ਧੁਨ ਚੇਲਾ।

ਸੋ ਇਹਦੇ ਨਾਲ ਫੇਰ ਤੂੰ ਜਿਥੇ ਯੋਗੀ ਪਹੁੰਚਦੇ ਨੇ, ਤੂੰ ਸਹਿਜ ਦੇ ਨਾਲ ਹੀ ਪਹੁੰਚ ਜਾਏਂਗਾ ਤੇ ਉਸ ਤੋਂ ਵੀ ਉੱਚੇ ਥਾਂ ਪਹੁੰਚੇਂਗਾ। ਕਿਉਂਕਿ ਭਗਤੀ ਅਤੇ ਪ੍ਰੇਮ ਦੇ ਨਾਲ ਪ੍ਰਮੇਸ਼ਰ ਮਿਲਦੈ। ਹਠ ਦੇ ਨਾਲ ਪ੍ਰਮੇਸ਼ਰ ਨਹੀਂ ਮਿਲਦਾ, ਉਹਨਾਂ ਦੀ ਤਰੱਕੀ ਦਸਵੇਂ ਦੁਆਰ 'ਚ ਰੁਕ ਜਾਂਦੀ ਹੈ, ਇਸ ਤੋਂ ਅੱਗੇ ਨਹੀਂ ਜਾਂਦੇ। ਵੱਡੀ ਤੋਂ ਵੱਡੀ ਪ੍ਰਾਪਤੀ ਹਠ ਯੋਗ ਦੀ, ਸੰਪਰਗਿਆਤ ਅਤੇ ਅਸੰਪਰਗਿਆਤ ਸਮਾਧੀ ਹੈ। ਲੇਕਿਨ ਗੁਰਮਤਿ ਦੀ ਜੋ ਸਮਾਧੀ ਹੈ, ਉਹ ਪ੍ਰਾਪਤੀ ਹੈ ਸਹਿਜ ਦੀ। ਸਹਿਜ ਦਸਵੇਂ ਦੁਆਰ ਤੋਂ ਉਪਰਲੀ ਅਵਸਥਾ ਹੈ। ਜਿਥੇ ਤਿੰਨ ਗੁਣੀ ਮਾਇਆ ਖਤਮ ਹੋ ਜਾਂਦੀ ਹੈ। ਕਾਲ ਦਾ ਚੱਕਰ ਖਤਮ ਹੋ ਜਾਂਦਾ ਹੈ। ਕਾਲ ਦੁਬਾਰਾ ਨਹੀਂ ਵਿਆਪਿਆ ਕਰਦਾ -

ਨਾ ਓਹਿ ਮਰਹਿ ਨ ਠਾਗੇ ਜਾਹਿ ॥
ਜਿਨ ਕੈ ਰਾਮੁ ਵਸੈ ਮਨ ਮਾਹਿ ॥ *ਅੰਗ - ੮*

ਨਾ ਉਹ ਮਰਦੇ ਨੇ ਨਾ ਮਾਇਆ ਉਹਨਾਂ ਨੂੰ ਠੱਗ ਸਕਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਜੁਗਤ ਸਮਝਾ ਦਿਤੀ। ਤਰੀਕਾ ਦਸ ਦਿਤਾ। ਤਰੀਕਾ ਦੱਸੇ ਬਿਨਾਂ ਨਹੀਂ ਸਾਧਸੰਗਤ ਜੀ, ਪਤਾ ਲੱਗਿਆ ਕਰਦਾ।

ਇਕ ਆਦਮੀ ਖਰਾਬ ਹੋਏ ਕੈਮਰੇ ਨੂੰ ਟੱਕਰਾਂ ਮਾਰਦਾ ਹੈ। ਕਦੇ ਕੋਈ ਤਾਰ ਖੋਲ੍ਹ ਦਿੰਦਾ ਹੈ, ਕਦੇ ਕੋਈ ਤਾਰ ਖੋਲ੍ਹ ਦਿੰਦੈ। ਮਕੈਨਿਕ ਕੋਲ ਲੈ ਕੇ ਜਾਂਦਾ ਹੈ, ਉਹ ਕਹਿੰਦਾ, ਤੂੰ ਤਾਂ ਭੱਠਾ ਹੀ ਬਹਾ ਦਿਤਾ

ਇਹਦਾ। ਤੈਨੂੰ ਜਦ ਪਤਾ ਹੀ ਨਹੀਂ ਸੀ ਕਿ ਆਹ ਤਾਰ ਖੋਲ੍ਹਣੀ ਹੈ, ਗੱਲ ਤਾਂ ਮਾਮੂਲੀ ਸੀ, ਆਹ ਪੇਚ ਢਿੱਲਾ ਸੀ ਮਾੜਾ ਜਿਹਾ। ਤੂੰ ਤਾਰਾਂ ਖੋਲ੍ਹਣ ਲਗ ਗਿਆ, ਵੱਡਾ ਮਕੈਨਿਕ ਬਣ ਗਿਆ। ਸੋ ਇਸੇ ਤਰ੍ਹਾਂ ਦੇ ਨਾਲ 'ਨਾਮ' ਅਭਿਆਸ ਦੀ ਬਾਤ ਹੈ ਸਾਧਸੰਗਤ ਜੀ। ਇਕ ਬਹੁਤ ਹੀ ਸੁਖਾਲੀ ਜਿਹੀ ਗੱਲ ਹੋ ਜਾਂਦੀ ਹੈ। ਕੋਲ ਹੀ ਪਈ ਹੁੰਦੀ ਹੈ। ਇਕ ਸਾਰੀ ਜ਼ਿੰਦਗੀ ਖੋਝਲਦਾ ਰਹਿੰਦਾ ਹੈ ਹੱਠ ਵਿਚ ਆ ਕੇ। ਆਪਣੇ ਆਪ ਤਲਾਸ਼ ਕਰਨਾ ਚਾਹੁੰਦਾ ਹੈ, ਕਹਿੰਦੇ ਉਸ ਤੋਂ ਨਹੀਂ ਹੋਇਆ ਕਰਦਾ। ਗੁਰਮੁਖ ਦੀ ਸੰਗਤ ਦੀ ਅਵੱਸ਼ ਜ਼ਰੂਰਤ ਹੈ। ਬਾਰ-ਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਦਰ, ਗੁਰਮੁਖ ਦੀ, ਸੰਤ ਦੀ ਸੰਗਤ ਦਾ ਆਦੇਸ਼ ਆਈ ਜਾਂਦੈ। ਸ੍ਰੀ ਗੁਰੂ ਗ੍ਰੰਥ ਸਾਹਿਬ ਉਥੇ ਭੇਜਦੇ ਨੇ, ਸੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੋਲ ਭੇਜ ਦਿੰਦੇ ਨੇ। ਦੇਖੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ 100% ਕਰਕੇ ਮੰਨੀਂ। ਕਿਉਂਕਿ ਦੋਹਾਂ ਦੀ ਡਿਊਟੀ ਹੈ -

ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥ ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥ ਅੰਗ- ੧੩੭੩

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਤਾਂ ਦੇਣੀ ਹੈ ਮੁਕਤੀ, ਸੰਤਾਂ ਨੇ ਜਪਾਉਣਾ ਹੈ ਨਾਮ -

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ਅੰਗ - ੩੦੫

ਸੋ ਇਸ ਤਰ੍ਹਾਂ ਨਾਮ ਦੀ ਜੁਗਤ ਦੇ ਨਾਲ ਬਹੁਤ ਛੇਤੀ ਪ੍ਰਾਪਤੀ ਹੋ ਜਾਇਆ ਕਰਦੀ ਹੈ। ਜੁਗਤ ਤੋਂ ਵਿਹੂਣਾ ਜਿਹੜਾ ਹੈ ਉਹਦਾ ਬਹੁਤ ਜ਼ੋਰ ਲਗਦਾ ਹੈ। ਵਹਿਮ-ਪ੍ਰਸਤੀ ਆ ਜਾਂਦੀ ਹੈ। ਝੂਠੀਆਂ ਚੀਜ਼ਾਂ ਆ ਜਾਂਦੀਆਂ ਨੇ। ਉਹਨਾਂ 'ਚ ਹੀ ਉਲਝਿਆ ਹੋਇਆ, ਉਹਨਾਂ ਨੂੰ ਸਤਿ ਮੰਨ ਕੇ ਆਪਣਾ ਵਕਤ ਖਰਾਬ ਕਰ ਲੈਂਦੈ। ਸੋ ਜਦੋਂ ਜੁਗਤੀ ਦੇ ਦਿਤੀ, ਕਹਿਣ ਲੱਗੇ, ਪ੍ਰੇਮੀਆ! ਇਹ ਚਿਤ ਦੇ ਵਿਚ ਰੱਖਣਾ ਹੈ। ਵਾਹਿਗੁਰੂ ਉਪਰ ਪਹਿਲਾਂ ਤੂੰ ਵਿਸ਼ਵਾਸ਼ ਰੱਖ ਕਿ ਹਾਜ਼ਰ-ਨਾਜ਼ਰ ਮੇਰੇ ਨਾਲ ਰਹਿੰਦਾ ਹੈ। ਤੇਰੇ ਅੰਦਰ-ਬਾਹਰ ਹੈ, ਇਹਦੀ ਯਾਦ ਪਕਾ ਲੈ। ਇਹ ਜੋ ਤੈਨੂੰ ਮੈਂ 'ਨਾਮ' ਦਿੰਦਾ ਹਾਂ ਇਸ ਨਾਮ ਦੀ ਵਰਤੋਂ ਕਰਕੇ, ਇਹਦੀ ਯਾਦ ਪਕਾ ਲੈ ਤੇ ਕੰਮ ਕਰ ਜੀਅ ਭਰ ਕੇ। ਯਾਦ ਹਿਰਦੇ 'ਚ ਰੱਖ। ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

ਧਾਰਨਾ - ਚਿੱਤ ਹਰੀ ਦੇ ਨਾਮ ਨਾਲ ਲਾਈਏ।
ਹੱਥੀਂ ਪੈਰੀ ਕੰਮ ਕਰੀਏ।
ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨੁ ਨਾਲਿ ॥
ਅੰਗ - ੧੩੭੬

ਸੋ ਬੰਦਗੀ ਕਰਦੇ-ਕਰਦੇ, ਨਾਮ ਜਪਦੇ-ਜਪਦੇ, ਨਾਮ ਜਦੋਂ ਰਸਨਾ ਤੋਂ ਸਵਾਸ 'ਤੇ ਚੜ੍ਹ ਜਾਂਦਾ ਹੈ ਫੇਰ ਨਾਮ ਅੰਦਰ ਦਾਖਲ ਹੋਣਾ ਸ਼ੁਰੂ ਹੋ ਜਾਇਆ ਕਰਦੈ। ਪ੍ਰਵੇਸ਼ ਕਰ ਜਾਇਆ ਕਰਦਾ ਹੈ। ਐਨਾ ਅੰਦਰ ਚਲਿਆ ਜਾਂਦਾ ਹੈ ਕਿ ਨਾਮ, ਜ਼ਿੰਦਗੀ ਬਣ ਜਾਂਦਾ ਹੈ। ਜੋ ਅਸਲੀ ਜ਼ਿੰਦਗੀ ਹੈ ਉਹ ਆਦਮੀ ਦੇ ਅੰਦਰ ਰੁਮਕ ਪੈਂਦੀ ਹੈ। ਹਰ ਰੋਜ਼ ਅਰਦਾਸ ਕਰਦੇ ਹਾਂ ਪਾਤਸ਼ਾਹ ਜੀਵਨ ਦਾਨ ਦੇ।

ਇਕ ਵਾਰੀ ਮੈਂ ਅਰਦਾਸ ਕਰਾਂ ਦੇਹਰਾਦੂਨ। ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ, ਉਹਦਾ ਛੋਟਾ ਭਰਾ ਸੀ ਉਥੇ। ਉਹਦੇ ਕੋਲ ਸੀ ਮੈਂ। ਰਾਣੀ ਅਰਦਾਸ 'ਚ ਸ਼ਾਮਿਲ ਹੁੰਦੀ ਸੀ। ਮੈਨੂੰ ਕਹਿਣ ਲੱਗੀ, ਇਕ ਮੈਨੂੰ ਗੱਲ ਨਹੀਂ ਸਮਝ ਆਉਂਦੀ ਕਿ ਤੁਸੀਂ ਅਰਦਾਸ ਕਰਦੇ ਹੋਂ। ਸੱਚੇ ਪਾਤਸ਼ਾਹ! ਜੀਵਨ ਦੇ ਜੀਵਨ। ਹੁਣ ਆਪਾਂ ਜਿਉਂਦੇ ਨਹੀਂ ਹਾਂ? ਮਰੇ ਹੋਏ ਹਾਂ? ਮੈਂ ਕਿਹਾ, ਹਾਂ ਆਪਾਂ ਮਰੇ ਹੋਏ ਹਾਂ। ਕਹਿੰਦੀ, ਸਾਹ ਤਾਂ ਆਉਂਦਾ ਹੈ। ਮੈਂ ਕਿਹਾ, ਮੁਰਦੇ ਨੂੰ ਆਉਂਦੈ, ਉਹ ਜੀਵਨ ਹੋਰ ਹੈ -

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥
ਨਾਨਕ ਅਵਰੁ ਨ ਜੀਵੈ ਕੋਇ ॥ ਅੰਗ- ੧੪੨

ਉਹ ਸਦਾ ਖੇੜੇ ਵਿਚ ਰਹਿੰਦਾ ਹੈ। ਚਾਹੇ ਸਰੀਰ ਦੇ ਟੋਟੇ-ਟੋਟੇ ਹੋ ਰਹੇ ਨੇ। ਚਾਹੇ ਆਰੇ ਨਾਲ ਚੀਰਿਆ ਜਾ ਰਿਹੈ। ਚਾਹੇ ਦੇਗ ਦੇ ਵਿਚ ਉਬਾਲੇ ਖਾ ਰਿਹੈ, ਕਿਉਂਕਿ ਉਹ ਜੀਵਨ ਮਿਲ ਗਿਆ। ਜਦੋਂ ਤਕ ਉਹ ਜੀਵਨ ਪ੍ਰਾਪਤ ਨਹੀਂ ਹੁੰਦਾ, ਆਦਮੀ ਦੇ ਦੁੱਖਾਂ ਦਾ ਖਾਤਮਾ ਨਹੀਂ ਹੁੰਦਾ। ਇਸ ਕਰਕੇ ਉਹ ਜੀਵਨ ਮੰਗਦੇ ਹਾਂ, ਜਿਹਦੇ ਬਾਰੇ ਮਹਾਰਾਜ ਕਹਿੰਦੇ ਨੇ - ***'ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥ ਨਾਨਕ ਅਵਰੁ ਨ ਜੀਵੈ ਕੋਇ ॥ ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥'*** ਇਹ ਤਾਂ ਪਤਿ ਲਹਿ ਰਹੀ ਸਾਡੀ। ਕਿਉਂਕਿ 'ਨਾਮ' ਤੋਂ ਵਿਹੂਣਾ ਜੀਵਨ ਚਾਹੇ ਰਾਜ ਦੀ ਗੱਦੀ 'ਤੇ ਬੈਠਾ ਹੈ, ਚਾਹੇ ਉਹ ਨੌਕਰੀ ਕਰਦੈ, ਚਾਕਰੀ ਕਰਦੈ, ਸਭ ਕਹਿੰਦੇ ਹਰਾਮ ਦਾ ਖਾਂਦੇ ਨੇ। ਮਰੇ ਹੋਏ ਬੰਦੇ ਨੇ।

'ਚਲਦਾ.....।'

ਸ੍ਰੀ ਗੁਰੂ ਨਾਨਕ ਦੇਵ ਜੀ

ਸੰਤ ਵਰਿਆਮ ਸਿੰਘ ਜੀ
ਬਾਨੀ, ਟਰੱਸਟ ਰਤਵਾੜਾ ਸਾਹਿਬ

ਸ਼ਾਨ –.....।

ਸਤਿਨਾਮੁ ਸ੍ਰੀ ਵਾਹਿਗੁਰੂ,
ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!

ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥
ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥

ਅੰਗ - ੨੫੬

ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥
ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥

ਅੰਗ - ੨੮੯

ਧਾਰਨਾ – ਰਾਖਹੁ ਰਾਖਨਹਾਰ ਦਇਆਲਾ
ਨਾਨਕ ਘਰ ਕੇ ਗੋਲੇ ॥
ਤੁਮ ਦਾਤੇ ਠਾਕੁਰ ਪ੍ਰਤਿਪਾਲਕ ਨਾਇਕ ਖਸਮ ਹਮਾਰੇ ॥
ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ
ਹਮ ਬਾਰਿਕ ਤੁਮਰੇ ਧਾਰੇ ॥ ੧ ॥
ਜਿਹਵਾ ਏਕ ਕਵਨ ਗੁਨ ਕਹੀਐ ॥
ਬੇਸੁਮਾਰ ਬੇਅੰਤ ਸੁਆਮੀ
ਤੇਰੋ ਅੰਤੁ ਨ ਕਿਨ ਹੀ ਲਹੀਐ ॥ ੧ ॥ ਰਹਾਉ ॥
ਕੋਟਿ ਪਰਾਧ ਹਮਾਰੇ ਖੰਡਹੁ
ਅਨਿਕ ਬਿਧੀ ਸਮਝਾਵਹੁ ॥
ਹਮ ਅਗਿਆਨ ਅਲਪ ਮਤਿ ਥੋਰੀ
ਤੁਮ ਆਪਨ ਬਿਰਦੁ ਰਖਾਵਹੁ ॥ ੨ ॥
ਤੁਮਰੀ ਸਰਣਿ ਤੁਮਾਰੀ ਆਸਾ ਤੁਮ ਹੀ ਸਜਨ ਸੁਹੇਲੇ ॥
ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ ॥

ਅੰਗ- ੭੬੩

ਸਾਧਸੰਗਤ ਜੀ! ਗੱਜ ਕੇ ਬੋਲਣਾ, ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਦੂਰ-ਦਰਾਜ਼ ਤੋਂ ਚੱਲ ਕੇ, ਟਰਾਲੀਆਂ, ਟਰੱਕਾਂ, ਬੱਸਾਂ, ਸਕੂਟਰਾਂ ਤੇ ਹੋਰ ਅਨੇਕਾਂ ਸਾਧਨਾਂ ਦੇ ਰਾਹੀਂ ਏਸ ਦੂਰ-ਦਰਾਜ਼ ਦੇ ਅਸਥਾਨ 'ਤੇ ਆ ਪਹੁੰਚੇ ਹੋਂ, ਸ੍ਰੀ ਗੁਰੂ ਨਾਨਕ ਪਾਤਸ਼ਾਹ ਦਾ ਪ੍ਰਕਾਸ਼ ਉਤਸਵ ਮਨਾਉਣ ਵਾਸਤੇ। ਸ਼ਰਧਾ ਅਤੇ ਭਾਵਨਾ ਨਾਲ ਪਹੁੰਚੇ ਹੋਂ। ਇਕ-ਇਕ ਕਦਮ ਦਾ ਫਲ, ਇਕ-ਇਕ ਯੱਗ ਦੇ ਬਰਾਬਰ ਹੋਇਆ ਕਰਦੈ। ਚਿੱਤ ਲਾ ਕੇ ਕੀਰਤਨ ਕਰੋ, ਸਮਝੋ ਤੇ ਗਾਵੋ ਜ਼ੁਬਾਨ ਦੇ ਨਾਲ। ਫੇਰ ਉਸ ਨੂੰ ਮੰਨੋ। ਮਹਾਰਾਜ ਕਹਿੰਦੇ –

ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥

ਅੰਗ - ੫੪੯

ਕਈ ਕਰੋੜ ਯੱਗਾਂ ਦਾ ਫਲ ਮਿਲਦੈ, ਜੇ ਲੇਖੇ ਵਿਚ ਤੁਹਾਡਾ ਸੁਣਨਾ ਤੇ ਗਾਉਣਾ ਪੈ ਜਾਵੇ। ਲੇਖੇ ਵਿਚ ਕਦੋਂ ਪੈਂਦੈ –

ਸੇਵਕ ਸਿਖ ਪੂਜਣ ਸਭਿ ਆਵਹਿ
ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥

ਅੰਗ- ੬੬੯

ਉਹਦਾ ਥਾਂ ਪੈਂਦਾ ਹੈ ਜਿਹੜਾ ਗੁਰੂ ਦੀ ਆਗਿਆ ਨੂੰ ਮੰਨ ਲੈਂਦੈ। ਮੰਨਣ ਤੋਂ ਬਾਅਦ ਵਿਚ ਲੈ ਆਓ। ਸੋ ਸ੍ਰੀ ਗੁਰੂ ਨਾਨਕ ਪਾਤਸ਼ਾਹ ਦਾ ਸਮਾਂ ਸਵਾ 500 ਸਾਲ ਦਾ ਹੈ, ਸਾਡੇ ਤੋਂ ਪਹਿਲਾਂ। ਜਿਉਂ-ਜਿਉਂ ਸਮਾਂ ਬੀਤਦਾ ਜਾਂਦਾ ਹੈ। ਹਰ ਬੰਦਾ ਕਹਿੰਦਾ ਹੈ ਕਿ ਜਦੋਂ ਮੈਂ ਬਚਪਨ ਵਿਚ ਸੀ ਤਾਂ ਸਮਾਂ ਬੜਾ ਚੰਗਾ ਸੀ। ਹੁਣ ਮੈਂ ਵੱਡੀ ਉਮਰ 'ਚ ਆ ਗਿਆ, ਸਮੇਂ ਨੂੰ ਕੀ ਹੋ ਗਿਆ। ਓਦੋਂ ਤਾਂ ਹੋਰ ਤਰ੍ਹਾਂ ਦੇ ਸੀ, ਹੁਣ ਹੋਰ ਤਰ੍ਹਾਂ ਦੇ ਹੁੰਦੇ ਜਾਂਦੇ ਨੇ। ਮੇਰੇ ਦੇਖਦੇ-ਦੇਖਦੇ ਸਮਾਂ ਬਦਲ ਗਿਆ। ਉਹ ਕਦਰਾ-ਕੀਮਤਾਂ ਵੀ ਯਾਦ ਨੇ, ਜਿਨ੍ਹਾਂ ਦੇ ਵਿਚ ਬੰਦੇ ਕਿਸੇ ਅਨੁਸਾਸ਼ਨ 'ਚ ਹੋਇਆ ਕਰਦੇ ਸੀ। ਅੱਜ ਦਾ ਵੀ ਸਮਾਂ ਹੈ ਜੇ ਕੋਈ ਸੌ ਸਾਲ ਪਹਿਲਾਂ ਦਾ ਬਜ਼ੁਰਗ ਆ ਜਾਏ। ਉਹ ਕਹੇਗਾ ਹੋ ਕੀ ਗਿਆ ਏਸ ਨੂੰ। ਸਮਾਂ ਬਦਲਦਾ ਤੁਰਿਆ ਜਾਂਦਾ ਹੈ। ਹਾਲਾਤ ਇਸ ਨੂੰ ਬਦਲਾਉਂਦੇ ਤੁਰੇ ਜਾਂਦੇ ਨੇ। ਵਾਹਿਗੁਰੂ ਦੀ ਕੁਦਰਤ ਹੈ, ਉਹਦਾ ਜੋ ਪ੍ਰਭਾਵ ਹੈ, ਜਿਹਨੂੰ environment ਕਹਿੰਦੇ ਨੇ, ਇਹ ਆਦਮੀ ਦੇ ਮਨ ਨੂੰ ਬਦਲਾਉਂਦੀਆ ਨੇ ਇਕ ਥਾਂ ਨਹੀਂ ਰਹਿਣ ਦਿੰਦੀਆਂ। ਕਦੇ ਚੰਗਾ ਸਮਾਂ ਵੀ ਆ ਜਾਂਦੈ, ਕਦੇ ਬਹੁਤ ਮਾੜਾ ਆ ਜਾਂਦਾ ਹੈ। ਕਦੇ ਸੋਝੀ ਵਾਲਾ ਵੀ ਸਮਾਂ ਆ ਜਾਂਦੈ, ਕਦੇ ਅੰਧਕਾਰ ਦਾ ਵੀ ਸਮਾਂ ਆ ਜਾਂਦਾ ਹੈ, ਇਹ ਲਹਿਰਾਂ ਚਲਦੀਆਂ ਨੇ। ਵੀਹ-ਵੀਹ ਸਾਲ, ਪੰਜਾਹ-ਪੰਜਾਹ ਸਾਲ, ਸੌ-ਸੌ ਸਾਲ ਦੀ ਲਹਿਰ ਹੁੰਦੀ ਹੈ। ਹਜ਼ਾਰ ਸਾਲ ਦੀ ਵੀ ਹੁੰਦੀ ਹੈ। ਬਦਲ ਜਾਇਆ ਕਰਦੈ। ਪੰਜ ਹਜ਼ਾਰ ਸਾਲ ਪਹਿਲਾਂ ਜਿਹੜਾ ਸਮਾਂ ਸੀ, ਉਹਦੇ 'ਚ ਪੁਰਸ਼ ਸਤਿਵਾਦੀ ਹੋਇਆ ਕਰਦੇ ਸੀ। ਬਚਨ ਕਰ ਲੈਣਾ, ਭੀਸ਼ਮ ਪਿਤਾਮਾ ਨੇ ਬਚਨ ਕਰ ਲਿਆ ਕਿ ਮੈਂ ਸਾਰੀ

ਜ਼ਿੰਦਗੀ ਸ਼ਾਦੀ ਨਹੀਂ ਕਰਾਉਣੀ, ਬਾਲ ਬ੍ਰਹਮਚਾਰੀ ਰਹਾਂਗਾ। ਬੜਾ ਮਜ਼ਬੂਰ ਕਰਿਆ ਉਸ ਨੂੰ। ਇਥੇ ਤਕ ਕਿ ਇਕ ਲੜਕੀ ਆਈ ਕਿ ਜੇ ਤੂੰ ਮੇਰੇ ਨਾਲ ਸ਼ਾਦੀ ਨਾ ਕਰੀ ਤਾਂ ਮੈਂ ਤੇਰੇ ਤੋਂ ਬਦਲਾ ਲਵਾਂਗੀ ਕਿਉਂਕਿ ਮੈਂ ਤੈਨੂੰ ਪਤੀ ਬਣਾ ਲਿਆ, ਤੂੰ ਮੈਨੂੰ ਮੰਨਦਾ ਨਹੀਂ ਹੈਂ। ਉਹ ਕਹਿਣ ਲੱਗਿਆ, ਮੈਂ ਬਚਨ ਲਿਆ ਹੋਇਆ ਹੈ ਕਿ ਮੈਂ ਬ੍ਰਹਮਚਾਰੀ ਰਹਿਣਾ ਹੈ, ਇਸ ਕਰਕੇ ਮੈਂ ਸ਼ਾਦੀ ਨਹੀਂ ਕਰਨੀ। ਉਹ ਮਰ ਜਾਂਦੀ ਹੈ; ਮਰਨ ਤੋਂ ਬਾਅਦ ਦੁਬਾਰਾ ਉਸ ਦਾ ਜਨਮ ਹੁੰਦੈ। ਇਹ ਉਹਨਾਂ ਨੂੰ ਪਤਾ ਸੀ ਕਿ ਇਹ ਉਹੀ ਲੜਕੀ ਹੈ। ਜਦੋਂ ਅਰਜਨ ਆ ਕੇ ਘੋੜੇ ਹੱਕਣ ਲੱਗਦੈ, ਦੂਸਰੇ ਜਨਮ ਵਿਚ, ਸ਼ਿਕੰਡੀ ਜਿਸਦਾ ਨਾਮ ਸੀ ਉਸ ਵੇਲੇ ਦਰੋਣਾਚਾਰੀਆ ਨੇ ਪ੍ਰਣ ਕੀਤਾ ਹੋਇਆ ਸੀ, ਉਸ ਨੇ ਪ੍ਰਣ ਕੀਤਾ ਹੋਇਆ ਸੀ ਕਿ ਮੈਂ ਇਸਤ੍ਰੀ ਉਤੇ ਕਦੇ ਵੀ ਵਾਰ ਨਹੀਂ ਕਰਨਾ। ਉਹਨਾਂ ਦਿਨਾਂ 'ਚ ਕਰਦਾ ਹੀ ਨਹੀਂ ਸੀ ਕੋਈ। ਇਸਤ੍ਰੀ, ਬੱਚਾ, ਬੁੱਢਾ ਤਿੰਨਾਂ 'ਤੇ ਵਾਰ ਨਹੀਂ ਸੀ ਕਰਦਾ ਕੋਈ। ਬਿਮਾਰ 'ਤੇ ਵਾਰ ਨਹੀਂ ਸੀ ਕਰਦਾ ਕਿਉਂਕਿ ਕਲਚਰ ਫੇਰ ਵੀ ਬਹੁਤ ਉੱਚੀ ਸੀ।

ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਨੇ ਇਕ ਵਾਰੀ ਸਿੱਖਾਂ ਨੂੰ ਕਿਹਾ ਸੀ ਸਿੱਖੋ! ਜੇ ਤੁਸੀਂ ਆਪਣਾ ਤਪ ਤੇਜ਼ ਕਾਇਮ ਕਰਨਾ ਹੈ, ਯੁੱਧ-ਜੰਗ ਹੁੰਦੇ ਨੇ। ਸਾਡੇ ਯੁੱਧ-ਜੰਗ ਹੋਰ ਤਰ੍ਹਾਂ ਦੇ ਹੈਗੇ। ਇਹ ਡਾਕਟਰ ਵਾਂਗੂੰ ਹੈ। ਜਿਵੇਂ ਫੋੜਾ ਹੋ ਜਾਂਦੈ, ਡਾਕਟਰ ਨਸਤਰ ਨਾਲ ਫੋੜਾ ਕੱਢ ਦਿੰਦੈ। ਇਹ ਸਮਾਜ 'ਚੋਂ ਬੁਰਿਆਈਆਂ ਕੱਢਣ ਵਾਸਤੇ ਨੇ। ਪਰ ਇਹਦੇ ਵਿਚ ਕੁਝ ਗੱਲਾਂ ਦਾ ਧਿਆਨ ਰੱਖਿਓ। ਇਕ ਤਾਂ ਬੁੱਢੇ ਉਤੇ ਤੁਸੀਂ ਵਾਰ ਨਹੀਂ ਕਰਨਾ। ਦੂਸਰਾ ਇਸਤ੍ਰੀ 'ਤੇ ਨਹੀਂ ਕਰਨਾ, ਤੀਸਰਾ ਬੱਚੇ 'ਤੇ ਵਾਰ ਨਹੀਂ ਕਰਨਾ। ਚੌਥਾ ਜੇ ਕੋਈ ਬਿਮਾਰ ਹੋ ਜਾਏ ਉਸ 'ਤੇ ਨਹੀਂ ਕਰਨਾ। ਪੰਜਵਾਂ ਜੇ ਕੋਈ ਹੱਥ ਬੰਨ੍ਹ ਕੇ ਸ਼ਰਨ ਮੰਗ ਲਵੇ ਕਿ ਮੈਂ ਤੇਰੀ ਸ਼ਰਨ ਹਾਂ, ਉਸ 'ਤੇ ਵਾਰ ਨਹੀਂ ਕਰਨਾ। ਛੇਵਾਂ ਨਸਸ਼ਤਰੇ 'ਤੇ ਵਾਰ ਨਹੀਂ ਕਰਨਾ। ਜੇ ਦੁਸ਼ਮਣ ਮਿਲ ਜਾਵੇ ਤੇ ਉਹਦੇ ਕੋਲ ਸਸ਼ਤਰ ਕੋਈ ਨਾ ਹੋਵੇ। ਫੇਰ ਵੀ ਵਾਰ ਨਹੀਂ ਕਰਨਾ। ਐਸਾ ਵੀ ਹੋਇਐ ਕਿ ਆਪਣੀ ਜਿਹੜੀ ਵਾਧੂ ਤਲਵਾਰ ਹੁੰਦੀ, ਵੱਡੇ-ਵੱਡੇ ਯੋਧੇ ਹੁੰਦੇ, ਉਹ ਕੱਢ ਕੇ ਦੇ ਦਿੰਦੇ ਸੀ ਕਿ ਖਾਲੀ ਹੱਥ ਹੋ ਗਿਆ ਤੂੰ ਲੈ ਆਹ ਫੜ ਮੇਰੀ ਤਲਵਾਰ। ਮੈਂ ਤੇਰੇ 'ਤੇ ਖਾਲੀ ਹੱਥ ਵਾਰ ਨਹੀਂ ਕਰਨਾ। ਮਹਾਰਾਜ ਕਹਿੰਦੇ, ਇਹ ਵੀ ਨਹੀਂ ਕਰਨਾ। ਇਕ ਘਾਤ ਲਾ ਕੇ ਨਹੀਂ ਕਰਨਾ। ਦਸ ਕੇ ਕਰਨੈ ਅਗਲੇ ਨੂੰ ਕਿ ਮੈਂ ਇਸ ਤਰ੍ਹਾਂ ਕਰਾਂਗਾ, ਇੱਕ ਨੱਠੇ ਜਾਂਦੇ ਦੁਸ਼ਮਣ 'ਤੇ ਵਾਰ ਨਹੀਂ ਕਰਨਾ। ਇਹ ਸੱਤ-ਅੱਠ ਗੱਲਾਂ ਜੇ ਤੁਸੀਂ ਨਾ ਕਰੀਆਂ, ਤੁਹਾਡਾ ਤਪ ਤੇਜ਼ ਬਹੁਤ ਵਧਿਆ ਰਹੇਗਾ। ਸੋ ਸਮਾਂ ਹੁੰਦੈ।

ਸੋ ਉਹ ਕਹਿਣ ਲੱਗਿਆ, ਮੈਂ ਵਾਰ ਨਹੀਂ ਕਰਨਾ। ਨਤੀਜਾ ਕੀ ਹੋਇਆ? ਸਾਰਾ ਸਰੀਰ ਬਾਣਾਂ ਦੇ ਨਾਲ ਛਲਣੀ-ਛਲਣੀ ਹੋ ਗਿਆ। ਇਸ ਤਰ੍ਹਾਂ ਬਣ ਗਿਆ ਜਿਵੇਂ ਇਕ ਸੇਜਾ ਹੁੰਦੀ ਹੈ। ਉਹਨਾਂ ਬਾਣਾਂ ਦੇ ਉਤੇ ਹੀ ਲੰਮਾ ਪਿਆ ਰਿਹਾ ਉਹ। ਕਈ ਮਹੀਨੇ ਪਿਆ ਰਿਹਾ। ਇਸ ਤਰ੍ਹਾਂ ਉਹ ਸਤਿਵਾਦੀ ਹੁੰਦੇ, ਝੂਠ ਨਹੀਂ ਸੀ ਬੋਲਿਆ ਕਰਦੇ। ਜੋ ਬਚਨ ਕਰ ਲੈਂਦੇ ਸੀ ਉਸੇ ਤਰ੍ਹਾਂ ਰਹਿੰਦੇ ਸੀ। ਇਸ ਸਮੇਂ ਨੇ ਬਦਲਾ ਖਾਧਾ। ਨਾਸਤਿਕਤਾ ਆ ਗਈ। ਬਹੁਤ ਕਿਸਮ ਦੇ ਖਿਆਲ ਚੱਲ ਪਏ। ਦੁਨੀਆਂ ਉਲਝ ਗਈ, ਹਨ੍ਹੇਰੇ ਵਿਚ ਫਸ ਗਈ। ਇਸ ਤੋਂ ਵੀ ਉਪਰ ਜਿਹੜੇ ਰਾਜੇ ਸੀ, ਉਸ ਸਮੇਂ ਦੇ ਸਾਸ਼ਕ ਸੀ। ਜਿਨ੍ਹਾਂ ਕੋਲ ਰਾਜਸੀ ਸ਼ਕਤੀ ਸੀ। ਸ੍ਰੀ ਗੁਰੂ ਨਾਨਕ ਤੱਕ ਪਹੁੰਚਦੇ-ਪਹੁੰਚਦੇ ਉਹ ਬਘਿਆੜਾਂ ਵਰਗੇ ਹੋ ਗਏ। ਰਾਜਾ ਜਿਹੜਾ ਸੀ ਉਹ ਸ਼ੇਰ ਵਰਗਾ ਹੋ ਗਿਆ। ਸ਼ੇਰ ਨੇ ਸ਼ਿਕਾਰ ਮਾਰ ਦੇਣਾ ਤੇ ਖਾ ਜਾਣਾ। ਪਿੱਛੋਂ ਇਨ੍ਹਾਂ ਬਘਿਆੜਾਂ ਨੇ ਆ ਕੇ ਉਸੇ ਮੁਰਦੇ ਨੂੰ ਚੱਟਣਾ। ਕਹਿੰਦੇ, ਆਹ ਸੀ ਪਰਜਾ ਦੀ ਹਾਲਤ, ਉਸ ਵੇਲੇ-

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਅੰਗ- ੧੪੫

ਕਲਜੁਗ ਦੇ ਜਿਹੜੇ ਰਾਜੇ ਸੀ ਉਹ ਕੈਂਚੀ ਵਰਗੇ ਹੋ ਗਏ। ਉਹਨਾਂ ਨੇ ਬਚਾਉਣਾ ਨਹੀਂ ਕਿਸੇ ਨੂੰ, ਮਾਰਨਾ ਹੀ ਮਾਰਨਾ ਹੈ। ਬਚਾਉਣ ਦੀ ਬਾਤ ਸੋਚਣੀ ਨਹੀਂ ਹੈ ਕਿ ਬਚਾ ਵੀ ਦੇਈਏ। ਕੋਈ ਤਰੀਕਾ ਸੋਚੀਏ ਜਿਹਦੇ ਨਾਲ ਇਹ ਨਾ ਮਰੇ। ਕਹਿੰਦੇ, ਕੈਂਚੀ ਵਾਂਗਣ ਪਾੜ ਦਿਤੀ ਇਹਨਾਂ ਨੇ ਜਨਤਾ। ਕੁਛ ਮੁਸਲਮਾਨ ਹੋ ਗਏ, ਕੁਛ ਹਿੰਦੂ ਹੋ ਗਏ, ਕੁਛ ਹੋਰ ਹੋ ਗਏ। ਕੈਂਚੀ ਬਣ ਗਿਆ ਰਾਜਾ। ਕਲਜੁਗ ਕੈਂਚੀ ਸੀ। ਰਾਜੇ ਕੀ ਹੋਏ ਉਹਦੇ ਵਿਚ - ਕਸਾਈ ਬਣ ਗਏ। ਕਸਾਈ ਜਿਹੜਾ ਹੈ ਉਹਦਾ ਕੰਮ ਹੀ ਮਾਰਨਾ ਹੁੰਦੈ - 'ਧਰਮੁ ਪੰਖ ਕਰਿ ਉਡਰਿਆ ॥' ਜਿਹੜੀ ਧਰਮ ਦੀ ਗੱਲ ਸੀ, ਨਾ ਦਇਆ ਰਹੀ, ਨਾ ਖਿਮਾ ਰਹੀ, ਨਾ ਧੀਰਜ ਰਹੀ, ਨਾ ਸਤਿ ਦਾ ਜੀਵਨ ਰਿਹਾ। ਨਾ ਮਨ ਵਿਚ ਸੰਤੋਖ ਰਿਹਾ, ਤ੍ਰਿਸ਼ਨਾ ਦੀ ਅੱਗ ਭੜਕ ਉਠੀ ਤੇ ਨਾ ਬ੍ਰਹਮਚਰੀਆ ਰਿਹਾ।

ਚਰਿੱਤਰ ਗਿਰ ਗਿਆ ਆਦਮੀਆਂ ਦਾ। ਇਸਤ੍ਰੀ ਤੇ ਪੁਰਖ ਦਾ ਕੋਈ ਸਾਥ ਨਾ ਰਿਹਾ। ਪੈਸੇ ਦਾ ਰਹਿ ਗਿਆ। ਪੈਸਾ ਲਿਆਉਂਦਾ ਹੈ ਤਾਂ ਸਾਥ ਨਿਭਦਾ ਹੈ, ਨਹੀਂ ਲਿਆਉਂਦਾ ਤਾਂ ਕੋਈ ਹਮਦਰਦੀ ਨਹੀਂ ਹੈ –

ਰਾਜੇ ਸੀਹ ਮੁਕਦਮ ਕੁਤੇ ॥ ਅੰਗ – ੧੨੮੯

ਕਹਿੰਦੇ, ਮੁਕੱਦਮ ਕੁੱਤੇ ਬਣ ਗਏ। ਪਰਜਾ ਦਾ ਖੂਨ ਚੂਸਦੇ ਨੇ, ਚੱਟਦੇ ਨੇ। ਕੁੱਤੇ ਮੂੰਹੀਂ ਕਲਜੁਗ ਆ ਗਿਆ। ਮੁਰਦਾਰ ਖਾਜਾ ਹੋ ਗਿਆ, ਵਾੜ ਖੇਤ ਨੂੰ ਖਾਣ ਲਗ ਗਈ। ਵਾੜ ਦਾ ਕੰਮ ਹੁੰਦੈ, ਖੇਤ ਦੀ ਰਾਖੀ ਕਰਨਾ।

ਕ੍ਰਿਸ਼ਨ ਮਹਾਰਾਜ ਇਕ ਦਿਨ ਪਾਂਡਵਾਂ 'ਚ ਬੈਠੇ ਨੇ। ਕਹਿਣ ਲੱਗੇ, ਕਲਜੁਗ ਆ ਗਿਆ। ਕਲਜੁਗ ਦਾ ਨਾਉਂ ਸੁਣ ਕੇ ਹੀ ਡਰ ਗਏ ਸਾਰੇ। ਕਿਉਂਕਿ ਉਹਦੇ ਬਾਰੇ ਸਾਸ਼ਤਰਾਂ 'ਚ ਲਿਖਿਆ ਹੋਇਆ ਸੀ ਕਿ ਕਲਜੁਗ ਦਾ ਜਿਹੜਾ ਜਨਮ ਹੈ ਉਹ ਚੰਡਾਲ ਦੇ ਘਰ ਹੋਣਾ ਹੈ ਤੇ ਸਾਰੀ ਉੱਚੀ ਮਰਿਆਦਾ ਨੇ ਗਿਰ ਕੇ ਉਹਦੀ ਮਰਿਆਦਾ ਦੇ ਨਾਲ ਮਿਲ ਜਾਣੈ। ਆਪਣਾ ਸਾਰਾ ਸੁਭਾਅ ਛੱਡ ਦੇਣੈ –

ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ ॥ ਅੰਗ – ੧੯੧

ਫੇਰ ਇਸ ਕਲਜੁਗ ਨੇ ਕਰਮ-ਧਰਮ, ਬੋਲ-ਬਾਣੀ ਬਚਨ ਆਦਮੀ ਦਾ ਨਿਜੀ ਚਰਿੱਤਰ, ਰਾਜ ਦਾ ਚਰਿੱਤਰ, ਸਮਾਜ ਦਾ ਚਰਿੱਤਰ ਜ਼ੀਰੋ 'ਤੇ ਲੈ ਜਾਣਾ ਹੈ। ਨਾ ਦਵਾਈਆਂ ਅਸਲੀ ਮਿਲਣੀਆਂ ਨੇ, ਨਾ ਖਾਣ ਨੂੰ ਕੋਈ ਚੀਜ਼ ਅਸਲੀ ਮਿਲਣੀ ਹੈ। ਸਾਰਾ ਪੈਸਾ ਹੀ ਪੈਸਾ।, ਦੁਨੀਆਂ ਚਾਹੇ ਸਾਰੀ ਮਰ ਜਾਏ। ਆਹ ਕੀ ਹੈ, ਮਾੜੀ ਚੀਜ਼ ਹੈ ਸ਼ਰਾਬ, ਇਹ ਵੀ ਅਸਲੀ ਨਹੀਂ ਮਿਲਦੀ। ਕਿੰਨਾ ਬੰਦਾ ਪੀ-ਪੀ ਕੇ ਮਰ ਜਾਂਦੈ, ਜਦੋਂ ਉਹਦੇ 'ਚ ਮਿਲਾਵਟ ਮਿਲਦੀ ਹੈ। ਕਹਿੰਦੇ, ਇਸ ਤਰ੍ਹਾਂ ਕਲਜੁਗ ਆ ਗਿਆ ਭਾਈ, ਹਨ੍ਹੇਰਾ ਛਾ ਗਿਆ ਤੇ ਸੱਚ ਕਿਤੇ ਨਜ਼ਰ ਨਹੀਂ ਆਉਂਦਾ –

ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥
ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥ ਅੰਗ – ੪੬੮

ਦਾਲ ਬਣ ਗਿਆ ਭਰੋਸਾ। ਬੀਜ ਹੋਵੇ ਸਾਬਤ ਤਾਂ ਉੱਗਿਆ ਕਰਦੈ –

ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥
ਅੰਗ- ੧੪੫

ਕੂੜ ਦੀ ਮੱਸਿਆ ਫੈਲ ਗਈ। ਹਨ੍ਹੇਰ ਗਵਾਰ ਹੋ ਗਿਆ, ਕੁਛ ਵੀ ਹੱਥ ਮਾਰਿਆ ਨਹੀਂ ਸੁੱਝਦਾ। ਕਹਿੰਦੇ, ਸੱਚੇ ਬੰਦੇ ਕਿੱਥੇ ਚਲੇ ਗਏ? ਇਕ ਵੀ ਬੰਦਾ ਸੱਚਾ ਨਜ਼ਰ ਨਹੀਂ ਆਉਂਦਾ। ਝੂਠ ਹੈ, ਪਖੰਡ ਹੈ, ਆਡੰਬਰ ਹੈ। ਚਾਹੇ ਉਹ ਵੱਡੇ-ਵੱਡੇ ਡੇਰੇ ਨੇ, ਚਾਹੇ ਵੱਡੇ-ਵੱਡੇ ਮੱਠ ਨੇ, ਚਾਹੇ ਉਹ ਪੀਰਾਂ ਦੇ ਨੇ, ਚਾਹੇ ਉਹ ਸਾਧੂਆਂ ਦੇ ਨੇ। ਹਰ ਥਾਂ 'ਤੇ ਪਾਖੰਡ ਪ੍ਰਧਾਨ ਹੋ ਗਿਆ। ਪੈਸਾ ਕਮਾਉਣਾ ਪ੍ਰਧਾਨ ਹੋ ਗਿਆ। ਤਿਆਗ ਨਾਮ ਦੀ ਕੋਈ ਚੀਜ਼ ਨਾ ਰਹੀ। ਵੱਡੇ-ਵੱਡੇ ਆਡੰਬਰ ਰਚ ਲਏ ਸਾਧੂਆਂ ਨੇ। ਉਹ ਜਿਹੜੇ ਭਜਨ ਕਰਨ ਆਏ ਸੀ ਉਹਨਾਂ ਨੇ ਆਡੰਬਰਾਂ 'ਚ ਫਸ ਕੇ ਆਪਣਾ ਜੀਵਨ ਬਰਬਾਦ ਕਰ ਲਿਆ। ਕਹਿੰਦੇ, ਧਰਮ ਨਹੀਂ ਲੱਭਦਾ–

ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥
ਅੰਗ- ੧੪੫

ਮੈਂ ਟੋਲ੍ਹਦਾ ਫਿਰਦਾ ਹਾਂ ਕਿ ਕਿਤੇ ਲੱਭ ਜਾਵੇ ਤੇ ਨਤੀਜਾ ਹੋਇਆ ਕਿ ਹਨ੍ਹੇਰਾ ਹੀ ਹਨ੍ਹੇਰਾ ਮਚ ਗਿਆ। ਹੁਣ ਰਾਹ ਕੋਈ ਨਹੀਂ ਦਿਸਦਾ।

ਵਿਚਿ ਹਉਮੈ ਕਰਿ ਦੁਖੁ ਰੋਈ ॥
ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥ ਅੰਗ- ੧੪੫

ਹਉਮੈ ਦੇ ਵਿਚ ਪਏ ਹੋਏ ਨੇ ਸਾਰੇ। ਹਉਮੈ ਨੇ ਐਨਾ ਦੁਖ ਪੈਦਾ ਕਰ ਦਿਤਾ ਕਿ ਰਾਜਾ ਵੀ ਰੋਂਦਾ ਹੈ ਤੇ ਪਰਜਾ ਵੀ ਰੋਂਦੀ ਹੈ। ਹੁਣ ਕਿਸ ਤਰ੍ਹਾਂ ਦੇ ਨਾਲ ਗਤੀ ਹੋਏਗੀ? ਪਰਜਾ ਗਿਆਨਵਾਨ ਨਾ ਰਹੀ, ਅਗਿਆਨ ਨੂੰ ਅਪਣਾਅ ਲਿਆ, ਝੂਠ ਬੋਲਦੇ ਨੇ। ਗੁਰੂ ਨਚਦੇ ਨੇ, ਚੇਲੇ ਸਾਜ ਵਜਾਉਂਦੇ ਨੇ। ਗੁਰੂ ਚੇਲਿਆਂ ਨੂੰ ਟੋਲ੍ਹਦੇ ਫਿਰਦੇ ਨੇ ਕਿ ਆਹ ਚੇਲਾ ਨਾ ਕਿਤੇ ਮੇਰੇ ਹੱਥੋਂ ਨਿਕਲ ਜਾਵੇ। ਉਹਦੇ ਘਰ ਜਾਣਗੇ, ਘਰ ਜਾ ਕੇ ਖੁਸ਼ਾਮਦ ਕਰਨਗੇ –

ਸੇਵਕ ਬੈਠਨਿ ਘਰਾਂ ਵਿਚਿ
ਗੁਰ ਉਠਿ ਘਰੀ ਤਿਨਾੜੇ ਜਾਈ। ਭਾਈ ਗੁਰਦਾਸ ਜੀ

ਗੁਰੂ ਤੁਰਦੇ-ਫਿਰਦੇ ਨੇ। ਚੇਲੇ ਸਾਜ ਵਜਾਉਂਦੇ ਨੇ, ਗੁਰੂ ਨਾਚ ਕਰਦੇ ਨੇ। ਸਾਰਾ ਹੀ laughing stock (ਹਾਸੇ ਦਾ ਸਟਾਕ) ਹੋ ਗਿਆ।

ਕਾਜੀ ਹੋਇ ਰਿਸਵਤੀ ਵਢੀ ਲੈ ਕੇ ਹਕ ਗਵਾਈ।
ਭਾਈ ਗੁਰਦਾਸ ਜੀ

ਕਾਜੀ ਜਿਹੜੇ ਸੀ, ਇਨਸਾਫ ਕਰਨ ਵਾਲੇ ਜੱਜ, ਉਹ ਰਿਸ਼ਵਤਾਂ ਲੈਣ ਲਗ ਗਏ ਤੇ ਹੱਕ ਜਿਹੜਾ ਸੀ ਉਹਨੂੰ ਗਵਾ ਦਿਤਾ ਉਹਨਾਂ ਨੇ। ਜਿਹਨੇ ਪੈਸਾ ਵੱਧ ਦੇ ਦਿਤਾ ਉਹਦੇ ਹੱਕ ਵਿਚ ਫੈਸਲਾ ਕਰ ਦਿੰਦੇ ਸੀ।

ਰਾਜੇ ਜਿਹੜੇ ਸੀ ਉਹ ਰਿਸ਼ਵਤਾਂ ਲੈਣ ਲਗ ਗਏ। ਵਜ਼ੀਰ-ਅਮੀਰ ਜਿੰਨਾਂ ਸ਼ਾਸਕ ਵਰਗ ਸੀ, ਰਿਸ਼ਵਤ ਦੇ ਦਿਓ, ਆਪਣਾ ਕੰਮ ਬਣਾ ਲਓ। ਨਾ ਦਿਓ ਤਾਂ ਕੁਛ ਨਹੀਂ ਬਣਦਾ। ਹੁਣ ਵੀ ਇਸੇ ਤਰ੍ਹਾਂ ਹੀ ਹੈ। ਬੱਚੇ ਮਿਲਦੇ ਨੇ ਕਹਿੰਦੇ ਨੇ ਜੀ ਨੌਕਰੀ ਨਹੀਂ ਮਿਲਦੀ, ਫਸਟ ਕਲਾਸ ਐਮ.ਏ ਕਰੀ ਹੈ, ਮੈਂ ਇੰਜੀਨੀਅਰਿੰਗ 'ਚ ਫਸਟ ਕਲਾਸ ਆਇਆ ਹਾਂ, ਮੈਨੂੰ ਜਗ੍ਹਾ ਨਹੀਂ ਮਿਲਦੀ ਹੈ। ਬਾਬਾ ਜੀ ਅਸ਼ੀਰਵਾਦ ਦਿਓ।

ਮੈਂ ਕਿਹਾ, ਅਸ਼ੀਰਵਾਦ ਤਾਂ ਕਾਹਦੀ ਹੈ, ਉਹ ਤਾਂ ਪੈਸੇ ਮੰਗਦੇ ਨੇ ਲੱਖਾਂ ਰੁਪਿਆ। ਕਹਿੰਦੇ, ਹਾਂ ਜੀ। ਜਿਥੇ ਫੇਰ ਇਹ ਗੱਲ ਹੋਵੇ, ਉਥੇ ਫੇਰ ਦੇਸ਼ ਦੇ ਭਾਗ ਚੰਗੇ ਹੁੰਦੇ ਨੇ ਕਿ ਮਾੜੇ ਹੁੰਦੇ ਨੇ।

ਸੋ ਹਾਲ ਗੁਰੂ ਮਹਾਰਾਜ ਵੇਲੇ ਹੋਇਆ-ਹੋਇਆ ਸੀ। ਪਿਆਰ ਪੈਸੇ ਦਾ ਰਹਿ ਗਿਆ -

ਇਸਤ੍ਰੀ ਪੁਰਖੈ ਦਾਮ ਹਤ ਭਾਵੈ ਆਇ ਕਿਥਾਊ ਜਾਈ।
ਭਾਈ ਗੁਰਦਾਸ ਜੀ

ਬੰਦਾ ਭਾਵੇਂ ਕਿਤੇ ਤੁਰਿਆ ਫਿਰਦੈ, ਚਾਹੇ ਮਾੜੇ ਕੰਮ ਕਰਦੈ, ਚਾਹੇ ਧੋਖੇ ਦਿੰਦੈ, ਚਾਹੇ ਠੱਗੀਆਂ ਮਾਰਦੈ, ਪੈਸਾ ਲਿਆਵੇ ਘਰ ਵਿਚ। ਪੈਸਾ ਲਿਆਵੇ ਤਾਂ ਪਿਆਰ ਹੈ ਨਹੀਂ ਤਾਂ ਲੜਾਈ -

ਵਰਤਿਆ ਪਾਪ ਸਭਸ ਜਗ ਮਾਂਹੀ॥ ਭਾਈ ਗੁਰਦਾਸ ਜੀ

ਪਾਪ ਦਾ ਪਸਾਰਾ ਹੋ ਗਿਆ ਇਸ ਤਰ੍ਹਾਂ ਪੜ੍ਹ ਲਓ -

ਧਾਰਨਾ - ਸਾਰੇ ਕੂੜ ਦਾ ਹੋ ਗਿਆ ਵਰਤਾਰਾ,
ਸੱਚ ਵਾਲਾ ਕਾਲ ਪੈ ਗਿਆ।
ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥
ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥
ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ ॥
ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ ॥
ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ ॥
ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ ॥
ਅੰਗ - ੪੬੮

ਕਿੰਨਾ ਕੁ ਹਨ੍ਹੇਰਾ ਪੈ ਗਿਆ, ਮਹਾਰਾਜ ਕਹਿੰਦੇ, ਕੁੱਤੇ ਮੂੰਹੀ ਹੋ ਗਿਆ ਸੰਸਾਰ। ਨਾ ਖਾਜ ਦੇਖਦੈ ਨਾ ਅਖਾਜ ਦੇਖਦੈ। ਜਿਹੜਾ ਕੁਛ ਮੂਹਰੇ ਆ ਜਾਂਦੈ। ਚਾਹੇ ਕਿਸੇ ਦਾ ਮਾਰਿਆ ਹੋਇਆ ਜਾਨਵਰ ਆ ਜਾਏ, ਉਹਨੂੰ ਖਾ ਹੀ ਲੈਣੈ ਉਹਨੇ। ਰਿਸ਼ਵਤ ਖਾਣੀ ਹੈ, ਦੂਜੇ ਦਾ ਹੱਕ ਖਾਣਾ ਹੈ-

ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ ॥
ਕੂੜੁ ਬੋਲਿ ਬੋਲਿ ਭਉਕਣਾ ਚੂਕਾ ਧਰਮੁ ਬੀਚਾਰੁ ॥
ਅੰਗ - ੧੨੪੨

ਕਹਿਣ ਲੱਗੇ, ਪਰਿਵਾਰ ਦਾ ਜਿਹੜਾ ਹਾਲ ਸੀ-

ਰੰਨਾ ਹੋਈਆ ਬੋਧੀਆ ਪੁਰਸ਼ ਹੋਏ ਸਈਆਦ॥
ਭਾਈ ਗੁਰਦਾਸ ਜੀ

ਆਦਮੀ ਤਾਂ ਸ਼ਿਕਾਰੀ ਬਣ ਗਏ। ਨਾ ਕੋਈ ਕਰਮ ਰਿਹਾ, ਨਾ ਧਰਮ ਰਿਹਾ, ਨਾ ਕੋਈ ਚਰਿੱਤਰ ਰਿਹਾ। ਔਰਤਾਂ ਜਿਹੜੀਆਂ ਸੀ ਉਹਨਾਂ 'ਚੋਂ ਵਿਚਾਰ ਖਤਮ ਹੋ ਗਈ। ਬੰਦੇ ਨੂੰ ਟੋਕਣ ਤੋਂ ਹਟ ਗਈਆਂ। ਜਿਹੜਾ ਕੁਛ ਕਰਦੈ, ਕਰੀ ਜਾਵੇ। ਪਰ-ਇਸਤਰੀਆਂ ਕੋਲ ਜਾਂਦੈ, ਰਿਸ਼ਵਤਾਂ ਲੈਂਦੈ, ਬੇਇਮਾਨੀਆਂ ਕਰਦੈ, ਚੋਰੀਆਂ ਕਰਦੈ, ਘਰ ਨੂੰ ਲਿਆਉਂਦੈ। ਉਹ ਨਹੀਂ ਉਹਨੂੰ ਕਹਿੰਦੀਆਂ ਕਿਉਂਕਿ ਅਗਿਆਨ ਵਿਚ ਆ ਗਈਆਂ। ਗੱਲ ਸੋਚਣ ਤੋਂ ਹਟ ਗਈਆਂ।

ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ॥

ਸੀਲੁ, ਸੰਜਮੁ, ਸੁਚ ਤਿੰਨੋਂ ਚੀਜ਼ਾਂ ਚਰਿੱਤਰ ਦੀਆਂ ਹੁੰਦੀਆਂ ਨੇ। ਸੀਲ ਕਹਿੰਦੇ ਨੇ ਚਰਿੱਤਰ ਨੂੰ। ਇਹਦੀਆਂ ਕਿਸਮਾਂ ਹੁੰਦੀਆਂ ਨੇ 40-50 ਜੇ ਚਰਿੱਤਰ ਨੂੰ ਗਿਣਨ ਲੱਗੀਏ। ਕਹਿੰਦੇ, ਉਹ ਤਾਂ ਗਿਆ-ਆਇਆ ਹੋ ਗਿਆ ਸਾਰਾ ਹੀ। ਜਿਹੜਾ ਸੰਜਮ ਸੀ, ਕੰਟਰੋਲ ਸੀ ਆਪਣੇ ਉਪਰ ਬੰਦੇ ਦਾ, ਉਹ ਕੰਟਰੋਲ ਵੀ ਜਾਂਦਾ ਰਿਹਾ। ਵਿਸ਼ੇ ਵਾਸ਼ਨਾ ਦੇ ਮਗਰ ਨੱਠਿਆ ਫਿਰਦੈ। ਜਿਹੜੀ ਸੁੱਚ ਸੀ ਉਹ ਵੀ ਜਾਂਦੀ ਰਹੀ। ਨਾ ਮਨ ਸੁੱਚਾ ਰਿਹਾ, ਨਾ ਬੋਲ ਸੁੱਚਾ ਰਿਹਾ। ਨਾ ਬੁੱਧੀ ਸੁੱਚੀ ਰਹੀ, ਨਾ ਧਨ ਸੁੱਚਾ ਰਿਹਾ, ਨਾ ਘਰ ਸੁੱਚਾ ਰਿਹਾ। ਕਹਿੰਦੇ, ਉਹ ਸੁੱਚ ਵੀ ਨੱਠ ਗਈ। 'ਖਾਣਾ ਖਾਜੁ ਅਹਾਜੁ' ਜਿਹੜਾ ਖਾਣਾ ਸੀ, ਜਿਹੜੀਆਂ ਚੀਜ਼ਾਂ ਨਹੀਂ ਖਾਣੀਆਂ ਸੀ ਉਹ ਖਾਣੀਆਂ ਸ਼ੁਰੂ ਕਰ ਦਿਤੀਆਂ।

ਸਰਮੁ ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ॥
ਭਾਈ ਗੁਰਦਾਸ ਜੀ

ਜਿਹੜੀ ਸ਼ਰਮ ਸੀ ਉਹ ਵੀ ਨੱਠ ਗਈ। ਖੁਲ੍ਹਮ-ਖੁਲ੍ਹਾ ਹੀ ਹੋ ਗਏ ਲੋਕ। ਕੋਈ ਕਿਸੇ ਨੂੰ ਮਾੜਾ ਕਹਿੰਦਾ ਹੀ ਨਹੀਂ ਹੈ ਕਿਉਂਕਿ ਆਪ ਵੀ ਉਥੇ ਹੀ ਨੇ। ਦੂਸਰਾ ਜਿਹੜਾ ਮਿਹਨਤ ਸੀ, ਉਦਮ ਸੀ, ਉਹ ਵੀ ਚਲਿਆ ਗਿਆ। ਆਲਸੀ ਹੋ ਗਏ ਸਾਰੇ। 'ਪਤਿ ਉਠਿ ਚਲੀ ਨਾਲਿ' ਜਿਹੜਾ ਕਹਿੰਦੇ ਸੀ ਕਿ ਮੇਰੀ ਪਤਿ ਨਾ ਖਰਾਬ ਹੋ ਜਾਏ, ਉਹ ਨਾਲ ਹੀ ਨੱਠ ਗਈ ਸ਼ਰਮ ਦੇ -

ਨਾਨਕ ਸਚਾ ਏਕੁ ਹੈ ਅਉਰੁ ਨ ਸਚਾ ਭਾਲਿ॥
ਭਾਈ ਗੁਰਦਾਸ ਜੀ

ਆਹ ਹਾਲ ਗੁਰੂ ਮਹਾਰਾਜ ਨੇ ਆਪਣੀਆਂ ਅੱਖਾਂ ਦੇ ਨਾਲ ਦੇਖ ਕੇ ਉਸ ਸਮੇਂ ਦਾ ਲਿਖਿਆ ਹੈ। ਬਹੁਤ ਅਗਿਆਨ ਦਾ ਸਮਾਂ ਸੀ। ਲੋਕ ਪੀਰਾਂ ਫਕੀਰਾਂ ਮੱਠਾਂ ਵਾਲਿਆਂ ਦੇ, ਵੱਡੇ-ਵੱਡੇ ਸਾਧੂਆਂ ਦੇ ਪਿੱਛੇ, ਨਾਥਾਂ ਦੇ, ਯੋਗੀਆਂ ਦੇ ਪਿੱਛੇ ਸੀ ਪਰ ਪ੍ਰਮੇਸ਼ਰ ਤਕ ਜਾਣ ਦਾ ਰਾਹ ਕਿਸੇ ਨੂੰ ਮਿਲਦਾ ਨਹੀਂ ਸੀ। ਸਾਰਾ ਹੀ ਜਿਹੜਾ ਵਾਤਾਵਰਣ ਸੀ ਉਲਟ-ਪੁਲਟ ਹੋ ਗਿਆ, ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਬਚਪਨ ਤੋਂ ਹੀ ਕੰਮ ਕਰਨਾ ਪਿਆ। ਬਹੁਤ ਸਾਰੇ ਮਹਾਂਪੁਰਸ਼ ਨੇ, ਜਿਵੇਂ ਮੁਹੰਮਦ ਸਾਹਿਬ ਸੀ, 40 ਸਾਲ ਤਕ ਆਪ ਇਕ ਗੁਫਾ ਵਿਚ ਜਾ ਕੇ ਬੈਠ ਜਾਇਆ ਕਰਦੇ ਸੀ। 40 ਸਾਲ ਦੀ ਉਮਰ ਹੋ ਗਈ ਗੁਫਾ 'ਚ ਬੈਠਦਿਆਂ ਨੂੰ। ਰੋਜ਼ ਜਾਂਦੇ ਨੇ ਜਾ ਕੇ ਉਹਦੇ ਵਿਚ ਘੰਟਿਆਂ ਬੱਧੀ ਬੈਠੇ ਰਹਿੰਦੇ ਨੇ। 40 ਸਾਲ ਤੋਂ ਬਾਅਦ ਇਕ ਦਿਨ ਅਨੁਭਵ ਹੋਇਆ ਕਿ ਕੁਝ ਫਰਿਸ਼ਤੇ ਆਏ ਨੇ ਤੇ ਉਹਨਾਂ ਨਾਲ ਸਵਾਲ ਜਵਾਬ ਹੋਇਆ ਕਿ ਤੁਸੀਂ ਕੀ ਕਰ ਰਹੇ ਹੋਂ। ਕਹਿੰਦੇ, ਹਜ਼ਰਤ! ਅਸੀਂ ਤੇਰੇ ਨਵਾਂ ਦਿਲ ਲਾਉਣ ਆਏ ਹਾਂ। ਨਵੀਂ ਸੋਚ, ਨਵਾਂ ਦਿਮਾਗ। ਕਹਿੰਦੇ, ਉਹਦੇ ਨਾਲ ਕੀ ਹੋਏਗਾ? ਕਹਿੰਦੇ, ਉਹਦੇ ਨਾਲ ਤੂੰ ਸੰਸਾਰ ਦੇ ਵਿਚ ਪ੍ਰਮੇਸ਼ਰ ਦਾ ਨਾਮ ਜਪਾ ਦੇਵੇਂਗਾ। ਐਸਾ ਆਉਂਦਾ ਹੈ ਕਿ ਫਰਿਸ਼ਤਿਆਂ ਨੇ ਕਾਇਆ ਕਲਪ ਕਰ ਦਿਤੀ। ਮੁਹੰਮਦ ਸਾਹਿਬ ਨੂੰ ਉਸੇ ਵੇਲੇ ਗਿਆਨ ਹੋ ਗਿਆ। ਜਿਸ ਵਕਤ ਘਰ ਆਏ ਉਹਨਾਂ ਨੇ ਕਿਹਾ ਕਿ ਮੈਨੂੰ ਤਾਂ ਪੈਗੰਬਰੀ ਦਾ ਹੁਕਮ ਹੋ ਗਿਆ ਤੇ ਮੈਨੂੰ ਖੁਦਾ ਵਲੋਂ ਹੁਕਮ ਹੋ ਗਿਆ ਕਿ ਮੈਂ ਇਹ ਐਲਾਨ ਕਰ ਦੇਵਾਂ ਕਿ ਮੈਂ ਪੈਗੰਬਰ ਹਾਂ। ਪੈਗੰਬਰ ਕਹਿੰਦੇ ਨੇ, ਸੁਨੇਹਾ ਦੇਣ ਵਾਲਾ। ਪੈਗਾਮ ਦੇਣ ਵਾਲਾ ਪੈਗੰਬਰ। ਅਕਾਲ ਦਾ, ਰੱਬ ਦਾ ਪੈਗਾਮ ਦੇਣ ਵਾਲਾ। ਕਹਿਣ ਲੱਗੇ, ਮੇਰੇ ਕੋਲ ਪੈਗਾਮ ਆਉਣੇ ਸ਼ੁਰੂ ਹੋਏ ਨੇ, 40 ਸਾਲ ਦੀ ਉਮਰ ਹੈ। ਉਸ ਵੇਲੇ ਆਪ ਹਰ ਰੋਜ਼ ਲਿਖਾਉਂਦੇ ਨੇ ਕਿ ਅੱਜ ਖੁਦਾ ਦਾ ਇਹ ਪੈਗਾਮ ਆਇਆ। ਅੱਜ ਇਹ ਆਇਆ। ਕਹਿੰਦੇ, ਲੋਹ ਪੱਟੀ 'ਤੇ ਲਿਖਿਆ ਆਉਂਦਾ ਹੈ। ਇਕ ਵੱਡੀ ਫੱਟੀ ਦਿਸਣ ਲਗ ਗਈ ਉਹਨਾਂ ਨੂੰ, ਬਹੁਤ ਵੱਡੀ। ਉਹਦੇ ਉਤੇ ਅੱਖਰ ਪੜ੍ਹਨੇ ਸ਼ੁਰੂ ਕਰ ਦਿਤੇ। ਕਹਿੰਦੇ, ਆਹ ਪੈਗਾਮ ਆਉਂਦੇ ਨੇ, ਇਹ ਮੈਂ ਤੁਹਾਨੂੰ ਦਿੰਦਾ ਹਾਂ। ਤੁਸੀਂ ਉਹਨਾਂ ਨੂੰ ਮੰਨੋ ਤੇ ਮੇਰੀ ਪੈਗੰਬਰੀ ਨੂੰ ਮੰਨੋ ਤੇ ਜੋ ਮੈਨੂੰ ਕਲਮਾ ਮਿਲਿਆ ਹੈ ਉਸ ਨੂੰ ਮੰਨੋ। ਨਹੀਂ ਤਾਂ ਤੁਸੀਂ ਨਰਕਾਂ 'ਚ ਚਲੇ ਜਾਓਂਗੇ। ਵੱਡੀ ਉਮਰ ਦੇ ਹੋ ਕੇ ਲੱਗੇ। ਈਸਾ ਜੀ ਉਸ ਤੋਂ ਹੋਰ ਛੋਟੀ ਉਮਰ 'ਚ ਲਗ ਗਏ ਸੀ।

ਸ੍ਰੀ ਗੁਰੂ ਨਾਨਕ ਸਾਹਿਬ ਬਚਪਨ ਵਿਚ ਹੀ, ਛੋਟੀ ਉਮਰ ਤੋਂ, ਕਿਉਂਕਿ ਕੰਮ ਬਹੁਤ ਲੰਮਾ ਸੀ ਇਹਨਾਂ ਦੇ ਸਾਮ੍ਹਣੇ, ਛੋਟਾ ਕੰਮ ਨਹੀਂ ਸੀ। ਇਸੇ ਕਰਕੇ 200 ਸਾਲ ਸਰੀਰ ਬਦਲਦੇ ਚਲੇ ਗਏ ਕਿ ਕਲਜੁਗ ਦੇ ਵਿਚ ਕੋਈ ਰਾਹ ਕੱਢ ਦੇਈਏ। ਕੋਈ ਛੇ-ਸੱਤ ਸਾਲ ਦੀ ਉਮਰ ਹੈ ਆਪ ਦੀ, ਉਸ ਵੇਲੇ ਪਿਤਾ ਨੇ ਕਿਹਾ ਕਿ ਹੁਣ ਨਾਨਕ ਦੀ ਪੜ੍ਹਨ ਵਾਲੀ ਉਮਰ ਆ ਗਈ। ਇਹ ਘਰ ਵੀ ਵਿਹਲਾ ਹੀ ਬੈਠਾ ਰਹਿੰਦੈ, ਚੁੱਪ ਕਰ ਰਹਿੰਦਾ ਹੈ। ਪੰਜ-ਛੇ ਸਾਲ ਦੀ ਉਮਰ ਵਿਚ ਆਪ ਬਾਹਰ ਚਲੇ ਜਾਇਆ ਕਰਦੇ ਸੀ। ਜਿਥੇ ਬਹੁਤ ਸਾਰੇ ਜੰਗਲ ਸੀ। ਉਹਨਾਂ ਜੰਗਲਾਂ ਦੇ ਵਿਚ ਪਿੰਡ ਦੇ ਨੇੜੇ ਮੀਲ-ਅੱਧ ਮੀਲ 'ਤੇ ਆ ਕੇ ਸਾਧੂਆਂ ਨੇ ਡੇਰੇ ਲਾ ਲੈਣੇ। ਬਹੁਤ ਵੱਡੇ-ਵੱਡੇ ਝੁੰਡ ਸੀ ਦਰਖ਼ਤਾਂ ਦੇ, ਜਿਹੜੇ ਘਰ ਦਾ ਵੀ ਕੰਮ ਦਿੰਦੇ ਸੀ। ਉਹਨਾਂ ਦੇ ਥੱਲੇ ਆ ਕੇ ਮੰਡਲੀਆਂ ਉਤਰ ਜਾਣੀਆਂ ਤੇ ਉਸ ਸਮੇਂ ਦੇ ਮੁਤਾਬਿਕ ਦਰਸ਼ਨ ਕਰਨ ਜਾਣ ਵਾਲੇ, ਕੁਛ ਵਿਚਾਰਾਂ ਕਰਦੇ ਸੀ। ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਬਚਪਨ ਵਿਚ ਹੀ ਸਾਧੂਆਂ ਕੋਲ ਚਲੇ ਜਾਣਾ ਜਾਂ ਚੁੱਪ ਕਰ ਰਹਿਣਾ। ਨਾ ਬੋਲਣਾ ਨਾ ਚੱਲਣਾ, ਨਾ ਖਾਣਾ ਨਾ ਪੀਣਾ, ਨਾ ਕੋਈ ਕੱਪੜੇ ਬਦਲਣੇ। ਸੰਤਾਂ ਵਲ ਜਾਣ ਦੀ ਰੁਚੀ ਰਹਿੰਦੀ। ਬਾਬਾ ਮਹਿਤਾ ਕਾਲੂ ਜੀ ਦੇਖ-ਦੇਖ ਕੇ ਖਿਝਦੇ ਰਹਿੰਦੇ ਸੀ ਇਕ ਇਹ ਬੱਚਾ ਕਰੇਗਾ ਕੀ। ਸਾਡੇ ਨਾਲ ਕੋਈ ਗੱਲ ਨਹੀਂ ਕਰਦਾ। ਆਹ ਜਦੋਂ ਫੁਕਰੇ ਆ ਜਾਂਦੇ ਨੇ ਉਹਨਾਂ ਦੇ ਕੋਲ ਨੱਠਿਆ ਜਾਂਦਾ ਹੈ। ਉਹ ਇਹਨੂੰ ਕਹਿੰਦੇ ਨੇ ਕਿ ਬੜਾ ਚੰਗਾ ਬਾਲਕ ਹੈ। ਮੁੜ-ਮੁੜ ਕੇ ਪੰਡਤ ਹਰਿਦਿਆਲ ਕੋਲ ਬਾਬਾ ਮਹਿਤਾ ਜੀ ਜਾਂਦੇ ਨੇ। ਪੰਡਤ ਜੀ! ਤੁਸੀਂ ਤਾਂ ਕਹਿੰਦੇ ਸੀ ਕਿ ਤੇਰੇ ਘਰ ਤਾਂ ਬਹੁਤ ਵੱਡੇ ਆ ਗਏ, ਪ੍ਰਮੇਸ਼ਰ ਹੀ ਆ ਗਿਆ। ਆਹ ਤਾਂ ਲੱਛਣ ਨਹੀਂ ਹੈਗੇ ਉਹਨਾਂ ਦੇ। ਇਹ ਤਾਂ ਸਾਡੇ ਨਾਲ ਗੱਲ ਨਹੀਂ ਕਰਦਾ। ਉੱਠ ਕੇ ਸਾਧਾਂ ਕੋਲ ਜਾ ਕੇ ਹਸਦਾ ਰਹਿੰਦਾ ਹੈ। ਉਹ ਕਹਿੰਦੇ, ਮਹਿਤਾ ਜੀ! ਇਹਨਾਂ ਨੇ ਪ੍ਰਗਟ ਹੋਣੈ, ਮੇਰਾ ਇਲਮ ਗਲਤ ਨਹੀਂ ਹੁੰਦਾ ਕਿਉਂਕਿ ਜੋਤਿਸ਼ ਮੇਰੇ ਕੋਲ ਬਹੁਤ ਸ਼ੁੱਧ ਹੈ। ਤੁਸੀਂ ਕਿਸੇ ਕਿੱਤੇ ਲਾ ਲਓ। ਨਾਨਕ ਦਾ ਦਿਲ ਪਰਚ ਜਾਵੇ। ਪਿਤਾ ਨੇ ਸੋਚ ਕਰੀ ਕਿ ਇਸ

ਨੂੰ ਮੈਂ ਹੁਣ ਪੜ੍ਹਨ ਲਾ ਦੇਵਾਂ। ਫੱਟੀ ਮੁੱਲ ਲੈ ਆਂਦੀ ਤੇ ਸ਼ੱਕਰ ਦੀ ਪਰਾਤ ਭਰ ਲਈ। ਉਤੇ ਇਕ ਥਾਨ ਰੱਖ ਲਿਆ ਤੇ ਸਵਾ ਰੁਪਈਆ ਰੱਖ ਲਿਆ। ਉਹਨਾਂ ਦਿਨਾਂ 'ਚ ਦਾਖਲਾ ਫੀਸ ਹੋਇਆ ਕਰਦੀ ਸੀ ਸਕੂਲ ਦੀ।

ਸੋ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਉਂਗਲੀ ਲਾਇਆ ਤੇ ਆਪਣੇ ਦਾਸ ਤੋਂ ਪਰਾਤ ਚੁਕਾ ਲਈ। ਚੁਕਾ ਕੇ, ਜਾ ਕੇ ਜਿਸ ਥਾਂ ਦੇ ਉਤੇ ਬੱਚੇ ਪੜ੍ਹਦੇ ਸੀ ਉਸ ਥਾਂ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਲੈ ਗਏ ਤੇ ਅੱਜ ਸ੍ਰੀ ਗੁਰੂ ਨਾਨਕ ਦੇਵ ਜੀ ਵਿਦਿਆਰਥੀ ਬਣ ਰਹੇ ਨੇ, ਦਾਖਲ ਹੋ ਰਹੇ ਨੇ ਸਕੂਲ ਦੇ ਵਿਚ। ਦਾਖਲਾ ਹੋ ਗਿਆ। ਜੋ ਪੜ੍ਹਾਉਣ ਵਾਲੇ ਸੀ ਪਾਧੇ ਉਹ ਹਰਿਦਿਆਲ ਜੀ ਤੋਂ ਬਚਨ ਸੁਣਦੇ ਹੁੰਦੇ, ਮੌਲਵੀ ਵੀ, ਉਹ ਵੀ ਸੁਣਦੇ ਹੁੰਦੇ ਸੀ ਕਿ ਸਮਾਂ ਬੜਾ ਭਿਆਨਕ ਆ ਗਿਆ ਇਸ ਵੇਲੇ ਕਿਸੇ ਅਵਤਾਰ ਦੇ ਪ੍ਰਗਟ ਹੋਣ ਦਾ ਸਮਾਂ ਆ ਗਿਆ ਤੇ ਉਹਨੂੰ ਪੁੱਛਦੇ ਰਹਿੰਦੇ ਸੀ, ਕਹਿੰਦੇ ਸੀ ਹਰਿਦਿਆਲ ਜੀ! ਤੁਸੀਂ ਇਹ ਤਾਂ ਦੱਸੋ ਫੇਰ ਕਦੋਂ ਅਵਤਾਰ ਨੇ ਪ੍ਰਗਟ ਹੋਣੈ। ਉਹ ਕਹਿੰਦਾ, ਜੋ ਮੇਰੇ ਜਾਂਚੇ ਆ ਰਿਹੈ, ਉਹ ਤਾਂ ਪ੍ਰਗਟ ਹੋ ਚੁੱਕਿਐ ਤੇ ਹੈ ਵੀ ਤਲਵੰਡੀ 'ਚ। ਹੋਵੇ ਨਾ ਤਾਂ ਬਾਬਾ ਮਹਿਤਾ ਕਾਲੂ ਜੀ ਦਾ ਲੜਕਾ ਹੈ। 100% ਮੇਰਾ ਦਿਲ ਗਵਾਹੀ ਕਰਦੈ, ਮੈਂ ਉਹਦੀ ਪੱਤਰੀ ਬਣਾਈ ਹੈ। ਪੱਤਰੀ ਬਣਾ ਕੇ ਮੈਂ ਉਹ ਸਾਰੇ ਹਿਸਾਬ-ਕਿਤਾਬ ਜੋੜੇ ਨੇ, ਜੋ ਵੱਡੇ ਤੋਂ ਵੱਡੇ ਮਹਾਂਪੁਰਸ਼ਾਂ ਦੇ ਹੁੰਦੇ ਨੇ। ਮੈਂ ਜਨਮ ਦੇ ਹਾਲ ਪੁੱਛੇ ਸੀ ਕਿ ਕੀ-ਕੀ ਦੇਖਿਆ ਤੁਸੀਂ। ਕਿੰਨੀਆਂ ਬੀਬੀਆਂ ਸੀ ਅੰਦਰ। ਕਿਸ ਪਾਸੇ ਨੂੰ ਮੰਜਾ ਸੀ। ਕਿਸ ਪਾਸੇ ਨੂੰ ਮੂੰਹ ਸੀ। ਕਹਿੰਦੇ, ਮੈਂ ਪੂਰਾ ਹਿਸਾਬ ਜੋੜਿਆ। ਇਹ ਓਨੀਆਂ ਬੀਬੀਆਂ ਉਸੇ ਪਾਸੇ ਨੂੰ ਮੰਜੇ ਦਾ ਮੂੰਹ ਇਹ ਦਸਦੈ ਕਿ ਇਹ ਅਵਤਾਰ ਸੰਸਾਰ ਦਾ ਉਧਾਰ ਕਰਨ ਵਾਲੇ ਪ੍ਰਗਟ ਹੋ ਚੁੱਕੇ ਨੇ। ਦਾਈ ਨੇ ਮੈਨੂੰ ਦਸਿਆ ਸੀ ਕਿ ਜਦੋਂ ਇਹ ਬਾਲਕ ਜਨਮਿਆ ਤਾਂ ਸੰਗੀਤ ਦੀ ਮਿੱਠੀ-ਮਿੱਠੀ ਅਵਾਜ਼ ਆ ਰਹੀ ਸੀ ਤੇ ਬਾਲਕ ਪੈਦਾ ਹੋਇਆ। ਲੇਕਿਨ ਮੈਂ ਹੈਰਾਨ ਹੋ ਗਈ ਕਿ ਮੇਰੇ ਹੱਥਾਂ 'ਚ ਆਏ ਤੇ ਜਾਨ ਪਈ ਉਹਦੇ ਵਿਚ। ਪਹਿਲਾਂ ਨਹੀਂ ਮੈਨੂੰ ਲੱਗਿਆ ਕਿ ਉਹਦੇ ਵਿਚ ਜਾਨ ਹੈ। ਮੈਂ ਘਬਰਾ ਗਈ ਪਰ ਜਦੋਂ ਮੇਰੇ ਹੱਥਾਂ 'ਚ ਸੀ, ਤਾਂ ਇਕ ਬਹੁਤ ਲਿਸ਼ਕਾਰਾ ਵੱਜਿਆ। ਮੇਰੀਆਂ ਅੱਖਾਂ ਚੁੰਧਿਆ ਗਈਆਂ, ਮੈਂ ਕੀ ਦੇਖਦੀ ਹਾਂ ਕਿ ਅਨੇਕਾਂ ਦੇਵਤੇ ਜੈ-ਜੈਕਾਰ ਕਰਕੇ ਕਹਿੰਦੇ, ਇਸ ਰੂਹ ਦੇ ਵਿਚ ਪ੍ਰਵੇਸ਼ ਕਰ ਗਏ। ਚਾਨਣਾ ਹੋ ਗਿਆ ਤੇ ਸੰਗੀਤ ਵਜਦਾ ਸੀ। ਜਦੋਂ ਮੈਂ ਉਹਦੇ ਬਚਨ ਸੁਣਦਾ ਹਾਂ ਕਹਿੰਦਾ ਫੇਰ ਮੇਰਾ ਨਿਹਚਾ ਬੱਝ ਜਾਂਦੈ ਕਿ ਅਵਤਾਰ ਤਾਂ ਪ੍ਰਗਟ ਹੋ ਗਏ। ਕਲਜੁਗ ਨੂੰ ਤਾਰਨ ਵਾਲੇ ਤਾਂ ਪ੍ਰਗਟ ਹੋ ਗਏ। ਇਸ ਤਰ੍ਹਾਂ ਦੇ ਨਾਲ ਉਹ ਪਾਧਾ ਜਿਸ ਦੇ ਕੋਲ ਸ੍ਰੀ ਗੁਰੂ ਨਾਨਕ ਪਾਤਸ਼ਾਹ ਪੜ੍ਹਨ ਆਏ, ਉਹਦੇ ਮਨ ਵਿਚ ਖਿਆਲ ਆਇਆ ਕਿ ਮੈਂ ਚੰਗੀ ਤਰ੍ਹਾਂ ਦੇਖਾਂਗਾ ਕਿ ਨਾਨਕ ਜੀ ਨੇ ਜਿਹੜੇ ਕਿ ਇਸ ਸੰਸਾਰ ਨੂੰ ਤਾਰਨ ਆਏ ਨੇ। ਇਹਨਾਂ ਵਿਚ extraordinary ਗੁਣ ਵੀ ਹੈਗੇ ਕਿ ਆਮ ਬੱਚਿਆਂ ਵਰਗਾ ਹੀ ਬੱਚਾ ਹੈ। ਦੇਖਣ ਨੂੰ ਬੱਚਾ ਲਗਦੇ ਨੇ ਪਰ ਜਦੋਂ ਇਹਦੇ ਨੈਣ ਦੇਖਦੇ ਹਾਂ ਉਹ ਰਸ ਦੇ ਭਰੇ ਹੋਏ ਨੇ। ਜਦੋਂ ਮੱਥਾ ਦੇਖਦਾ ਹਾਂ ਉਹਦੇ ਵਿਚ ਇਕ ਜੋਤ ਜਗਦੀ ਨਜ਼ਰ ਆਉਂਦੀ ਹੈ। ਜਿਉਂ-ਜਿਉਂ ਦੇਖੀ ਜਾਓ ਚਿਹਰੇ 'ਤੇ ਰੌਸ਼ਨੀ ਵਧਦੀ ਹੀ ਜਾਂਦੀ ਹੈ। ਕਦੇ ਬੁੱਲ੍ਹਾਂ ਦੇ ਉਤੇ ਕਰੂਰ ਅਵਸਥਾ ਨਹੀਂ ਆਈ। ਹਸਦੇ ਨੇ ਇਸ ਤਰ੍ਹਾਂ ਜਿਵੇਂ ਕੋਈ ਫੁੱਲ੍ਹ ਖਿੜਿਆ ਹੁੰਦਾ ਹੈ ਹੁਣੇ ਹੀ। ਸੋਹਣੇ ਸੁਨੱਖੇ ਨੇ, ਡਰ ਲਗਣ ਲਗ ਜਾਂਦਾ ਹੈ ਕਿ ਕਿਤੇ ਮੇਰੀ ਨਜ਼ਰ ਨਾ ਲਗ ਜਾਵੇ। ਨਿਗ੍ਹਾ ਮੈਂ ਬਦਲ ਲੈਂਦਾ ਹਾਂ। ਫੇਰ ਕਹਿਣ ਲੱਗਿਆ ਕਿ ਨੇਤਰਾਂ ਦਾ ਤੇਜ਼ ਐਨਾ ਕਿ ਜੇ ਉਹਨਾਂ ਦੇ ਨੇਤਰਾਂ ਵਲ ਦੇਖੋ ਤਾਂ ਆਪਣੇ ਨੇਤਰ ਨੀਵੇਂ ਹੋ ਜਾਂਦੇ ਨੇ। ਬੜੇ ਤੇਜ਼ ਵਾਲੇ ਨੇਤਰ ਨੇ ਤੇ ਹੁਣ ਮੇਰੇ ਕੋਲ ਪੜ੍ਹਨ ਲੱਗੇ ਨੇ। ਹੁਣ ਮੈਂ ਚੰਗੀ ਤਰ੍ਹਾਂ ਦੇਖਾਂਗਾ।

ਸੋ ਉਹ ਕਹਿਣ ਲੱਗਿਆ, ਮਹਿਤਾ ਜੀ! ਤੁਸੀਂ ਹੁਣ ਜਾਓ। ਅੱਜ ਤੋਂ ਮੈਂ ਨਾਨਕ ਦਾ ਨਾਮ ਆਪਣੇ ਸਕੂਲ ਵਿਚ ਲਿਖ ਲਿਆ। ਆਪਣੀ ਪਾਠਸ਼ਾਲਾ ਵਿਚ ਲਿਖ ਲਿਆ। ਕੱਲ੍ਹ ਨੂੰ ਇਸ ਨੂੰ ਫੱਟੀ ਦੇ ਦਿਓ ਤੇ ਮੈਂ ਪੜ੍ਹਾਉਣਾ ਸ਼ੁਰੂ ਕਰ ਦੇਵਾਂਗਾ।

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪੜ੍ਹਾਉਣਾ ਸ਼ੁਰੂ ਕਰ ਦਿਤਾ। ਜਦੋਂ ਇਕ ਦੋ ਦਿਨ ਲੰਘ ਗਏ ਤੇ ਉਸ ਵੇਲੇ ਕਹਿਣ ਲੱਗਿਆ, ਨਾਨਕ ਜੀ! ਫੱਟੀ ਲਿਆਓ ਮੈਂ ਅੱਖਰ ਪਾ ਦੇਵਾਂ।

ਸ੍ਰੀ ਗੁਰੂ ਨਾਨਕ ਦੇਵ ਜੀ ਫੱਟੀ ਲੈ ਕੇ ਜਾਂਦੇ ਨੇ। ਜਾ ਕੇ ਪਾਧੇ ਨੂੰ ਫੜਾ ਦਿਤੀ ਤੇ ਨਾਲੇ ਮੁਸਕਰਾਉਣ ਲਗ ਗਏ। ਮਿੰਨਾ-ਮਿੰਨਾ ਹਾਸਾ ਆਉਂਦਾ ਹੈ। ਉਹਨੇ ਵੀ ਦੇਖ ਲਿਆ। ਉਹਨੇ ਵੀ ਦੇਖ ਲਿਆ ਕਿ ਹੁਣ ਕੋਈ ਰਮਜ਼ ਮਾਰਨਗੇ ਇਹ।

ਇਸ ਰਮਜ਼ ਤੋਂ ਪਤਾ ਲਗ ਜਾਉ ਮੈਨੂੰ ਇਹ ਕੌਣ ਹੈ। ਉਹਨੇ ਫੱਟੀ ਲਈ, ਲਿਖਣਾ ਸ਼ੁਰੂ ਕੀਤਾ ਜਿਵੇਂ ਆਪਾਂ ੧ੴ ਸਤਿਗੁਰ ਪ੍ਰਸਾਦਿ ਲਿਖਦੇ ਹਾਂ ਹਰ ਚੀਜ਼ ਦੇ ਉਤੇ। ਉਸ ਨੇ ਫੱਟੀ ਦੇ ਉਤੇ ਲਿਖ ਦਿਤਾ - 'ਓਮ ਨਮਹ ਸਿਧੰ'। ਪਹਿਲਾ ਹੀ ਅੱਖਰ ਲਿਖਿਆ। ਮਹਾਰਾਜ ਕਹਿਣ ਲੱਗੇ, ਪਾਧਾ ਜੀ! ਇਹ ਜਿਹੜਾ ਤੁਸੀਂ ਲਿਖਿਆ ਹੈ, ਇਹ ਕੀ ਲਿਖਿਆ ਹੈ ਇਹ ਤਾਂ ਮੈਨੂੰ ਦਸ ਦਿਓ।

ਪਾਧਾ ਕਹਿਣ ਲੱਗਿਆ ਕਿ ਹੇ ਨਾਨਕ! ਪਹਿਲਾਂ ਮੰਗਲ ਲਿਖੀਦਾ ਹੈ। ਪ੍ਰਾਰਥਨਾ ਕਰੀਦੀ ਹੈ ਕਿ ਅਸੀਂ ਹੁਣ ਲਿਖਣ ਲੱਗੇ ਹਾਂ। ਹੇ ਵਾਹਿਗੁਰੂ! ਹੁਣ ਕੰਮ ਸਿੱਧ ਕਰ ਦੇਵੀਂ। ਅਸੀਂ ਨਮਸ਼ਕਾਰ ਕਰਦੇ ਹਾਂ। ਕਹਿੰਦੇ, ਕੀ ਲਿਖਦੇ ਓ?

ਕਹਿੰਦਾ, ਓਮ ਨਮਹ ਸਿਧੰ।

ਕਹਿੰਦੇ, ਜਿਹੜਾ ਓਮ ਹੈ, ਵਾਹਿਗੁਰੂ ਹੈ ਪੰਡਤ ਜੀ! ਤੁਸੀਂ ਉਹਨੂੰ ਜਾਣਦੇ ਹੋਂ ਕਿ ਉਹ ਕੌਣ ਹੈ? ਤੁਸੀਂ ਦੇਖਿਆ ਹੈ ਕਦੇ?

ਉਹ ਕਹਿੰਦਾ, ਨਾ ਨਾਨਕ ਜੀ! ਨਾ ਮੈਂ ਜਾਣਦਾ ਹਾਂ, ਨਾ ਮੈਂ ਦੇਖਿਆ ਹੈ। ਮੈਨੂੰ ਨਹੀਂ ਪਤਾ ਉਹ ਕਿਹੋ ਜਿਹਾ ਹੈ?

ਕਹਿੰਦੇ, ਫੇਰ ਬਿਨਾ ਜਾਣੇ ਤੋਂ ਕਿਉਂ ਲਿਖਦੇ ਹੋਂ ਤੁਸੀਂ ਤੇ ਮੈਨੂੰ ਇਹ ਦੱਸੋ ਕਿ ਮੈਨੂੰ ਪੜ੍ਹਾਉਣਾ ਕੀ ਚਾਹੁੰਦੇ ਹੋਂ?

ਕਹਿੰਦੇ, ਨਾਨਕ ਜੀ! ਤੁਹਾਨੂੰ ਮੈਂ ਲੇਖੇ ਪੱਤੇ ਪੜ੍ਹਾਵਾਂਗਾ, ਡੈਬਿਟ-ਕਰੈਡਿਟ ਕਿਵੇਂ ਕਰੀਦੈ, ਬੈਲੰਸ ਸ਼ੀਟ ਕਿਵੇਂ ਬਣਾਈਦੀ ਹੈ। ਲੇਖਾ-ਪੱਤਾ ਕਿਵੇਂ ਕੱਢੀਦਾ ਹੁੰਦੈ। ਕਿਵੇਂ ਇਸ ਨੂੰ ਨਵੇਂ ਲੇਖਿਆਂ ਵਿਚ ਬਦਲੀਦਾ ਹੁੰਦੈ। ਸੋ ਹਿਸਾਬ-ਕਿਤਾਬ 'ਤੇ ਤੁਹਾਨੂੰ ਜ਼ੋਰ ਦੇਵਾਂਗਾ। ਤੁਸੀਂ ਲੇਖੇ-ਪੱਤੇ ਕੱਢਣ ਲਗ ਜਾਵੋਂਗੇ।

ਮਹਾਰਾਜ ਕਹਿਣ ਲੱਗੇ, ਜਿਹੜੇ ਲੇਖੇ ਨੇ ਇਹ ਦਰਗਾਹ ਵਿਚ ਵੀ ਕੋਈ ਸਹਾਇਤਾ ਕਰਦੇ ਨੇ ਕਿ ਦੁਨੀਆਂ 'ਚ ਹੀ ਕਰਦੇ ਨੇ।

ਕਹਿੰਦਾ, ਦੁਨੀਆਂ ਵਿਚ ਹੀ ਕਰਦੇ ਨੇ। ਇਹਦੇ ਨਾਲ ਤੁਸੀਂ ਕਣਕੂਤ ਕਰ ਸਕਦੇ ਹੋਂ ਖੜ੍ਹੀਆਂ ਫਸਲਾਂ ਦੀ। ਮਕਾਨ ਦੇਖ ਕੇ ਦਸ ਦਿਓਂਗੇ ਕਿ ਐਨੀਆਂ ਇੱਟਾਂ ਲੱਗੀਆਂ ਨੇ। ਫਰਸ਼ ਦੇਖ ਕੇ ਦਸ ਦਿਓਂਗੇ ਕਿ ਇਸ ਫਰਸ਼ ਦੇ ਵਿਚ ਐਨੀਆਂ ਇੱਟਾਂ ਲੱਗੀਆਂ ਨੇ। ਫਸਲ ਦੇਖ ਕੇ ਦਸ ਦਿਓਂਗੇ ਕਿ ਐਨੇ ਕੁਇੰਟਲ ਫਸਲ ਹੋਏਗੀ। ਐਨੇ ਮਣ ਫਸਲ ਹੋਏਗੀ। ਹਿਸਾਬ-ਕਿਤਾਬ ਜੋੜਨ ਲਗ ਜਾਓਂਗੇ। ਉਂਗਲੀਆਂ 'ਤੇ ਆ ਜਾਏਗਾ, ਕਲਮਾਂ ਨਾਲ ਲਿਖਣ ਦੀ ਲੋੜ ਨਹੀਂ। ਤੁਹਾਨੂੰ ਪਹਾੜੇ ਪੜ੍ਹਾਉਂਗਾ ਮੈਂ। ਸਵਾਏ ਦੇ, ਡੇਢੇ ਦੇ, ਊਂਟੇ ਦੇ, ਢੈਂਚੇ ਦੇ। ਸਾਢੇ ਤਿੰਨ ਦੀ ਜ਼ਰਬ, ਸਾਢੇ ਚਾਰ ਦੀ ਜ਼ਰਬ, ਸਾਢੇ ਪੰਜ ਦੀ, ਸਾਢੇ ਛੇ ਦੀ ਜ਼ਰਬ, ਪੌਣੇ ਛੇ ਦੀ, ਸਵਾ ਛੇ ਦੀ। ਇਹਦੇ ਨਾਲ ਤੁਸੀਂ ਕੁਛ ਨਹੀਂ ਕਰਨਾ, ਉਂਗਲੀਆਂ 'ਤੇ ਇਕ ਮਿੰਟ ਵਿਚ ਕੱਢ ਦਿਓਂਗੇ ਕਿ ਐਨਾ ਆਉਂਦਾ ਹੈ ਤੇ ਤੁਸੀਂ ਹਿਸਾਬ-ਕਿਤਾਬ 'ਚ ਤਾਕ ਹੋ ਜਾਓਂਗੇ।

ਸ੍ਰੀ ਗੁਰੂ ਨਾਨਕ ਦੇਵ ਜੀ ਕਹਿਣ ਲੱਗੇ, ਪਾਧਾ ਜੀ! ਇਹ ਲੇਖਾ ਜਿਹੜਾ ਹੈ ਕੀ ਦਰਗਾਹ ਵਿਚ ਵੀ ਸਹਾਇਤਾ ਕਰੇਗਾ?

ਕਹਿੰਦੇ, ਨਾਨਕ! ਇਹ ਦੁਨੀਆਂਦਾਰੀ ਦੀ ਪੜ੍ਹਾਈ ਹੈ, ਦਰਗਾਹ ਦੀ ਪੜ੍ਹਾਈ ਨਹੀਂ ਹੈ।

ਕਹਿੰਦੇ, ਫੇਰ ਮੈਨੂੰ ਇਹ ਨਾ ਲਿਖਿਓ, ਮੈਨੂੰ ਉਹ ਲੇਖਾ ਲਿਖੋ ਜਿਹੜਾ ਦਰਗਾਹ 'ਚ ਸਹਾਇਤਾ ਕਰੇ।

ਕਹਿਣ ਲੱਗਿਆ, ਹੇ ਨਾਨਕ! ਉਹ ਲੇਖਾ ਤਾਂ ਮੈਂ ਜਾਣਦਾ ਹੀ ਨਹੀਂ, ਮੈਂ ਪੜ੍ਹਿਆ ਹੀ ਨਹੀਂ ਉਹ ਲੇਖਾ। ਕੀ ਤੁਸੀਂ ਪੜ੍ਹੇ ਹੋਂ ਉਹ ਲੇਖਾ? ਜੇ ਪੜ੍ਹੇ ਹੋਂ ਤਾਂ ਮੈਨੂੰ ਵੀ ਦਸ ਦਿਓ।

ਸ੍ਰੀ ਗੁਰੂ ਨਾਨਕ ਦੇਵ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

ਧਾਰਨਾ - ਲਿਖਣਾ ਤੂੰ ਜਾਣ ਲੈ,
ਲੇਖਾ ਇਹ ਲਿਖਣਾ ਬਾਬਾ।

ਕਹਿਣ ਲੱਗੇ, ਮਾਸਟਰ ਜੀ! ਪਾਧਾ ਜੀ! ਗੁਰੂ ਜੀ! ਉਹ ਲੇਖਾ ਲਿਖਣਾ ਜਾਣ ਲੈ, ਜਿਥੇ ਲੇਖਾ ਜਾ ਕੇ ਮੰਗਿਆ ਜਾਵੇ, ਉਥੇ ਸੁੱਚਾ ਲੇਖਾ, ਨਾਲ ਖੜ੍ਹ ਜਾਵੇ। ਆਦਮੀ ਫਸੇ ਨਾ। ਕਹਿੰਦੇ, ਨਾਨਕ! ਇਹੋ ਜਿਹਾ ਵੀ ਲੇਖਾ ਕੋਈ ਹੁੰਦਾ ਹੈ?

ਮਹਾਰਾਜ ਕਹਿੰਦੇ, ਹਾਂ ਉਸ ਲੇਖੇ ਦੀ ਕਲਮ ਵੀ ਹੋਰ ਹੁੰਦੀ ਹੈ। ਕਾਗਜ਼ ਵੀ ਹੋਰ ਹੁੰਦੈ ਤੇ ਲਿਖਣ ਵਾਲਾ, ਲਿਖਾਉਣ ਵਾਲਾ ਟੀਚਰ ਵੀ ਹੋਰ ਹੁੰਦੈ।

ਕਹਿੰਦੇ, ਹੇ ਨਾਨਕ! ਮੇਰੇ ਉਪਰ ਕ੍ਰਿਪਾ ਕਰ।

ਇਕ ਪਾਸੇ ਪੰਜ ਛੇ ਸਾਲ ਦਾ ਬੱਚਾ ਸਾਮ੍ਹਣੇ

ਬੈਠਾ ਹੈ। ਇਕ ਪਾਸੇ ਚੌਂਕੀ ਦੇ ਉਤੇ ਚੌਂਕੜੀ ਮਾਰੀਂ ਪੜ੍ਹਾਉਣ ਵਾਲਾ ਮਾਸਟਰ ਬੈਠਾ ਹੈ। ਇਕ ਟੱਕ ਲਾ ਕੇ ਦੇਖ ਰਿਹਾ ਹੈ ਚਿਹਰੇ ਵੱਲ। ਦੇਖਦੇ-ਦੇਖਦੇ ਕੀ ਦੇਖਦਾ ਹੈ ਕਿ ਨੇਤਰ ਬੰਦ ਹੋਣੇ ਸ਼ੁਰੂ ਹੋ ਗਏ। ਚਿਹਰੇ ਦਾ ਰੰਗ ਬਦਲ ਗਿਆ। ਐਨੀ ਆਭਾ ਆਈ, ਐਨੀ ਸੁੰਦਰਤਾ ਆਈ। ਦੇਖ ਨਹੀਂ ਸਕਦਾ। ਇਸ ਤਰ੍ਹਾਂ ਲੱਗੇ ਜਿਵੇਂ ਲਾਈਟ ਜਗਦੀ ਹੁੰਦੀ ਹੈ। ਚਿਹਰੇ 'ਚੋਂ ਰੋਸ਼ਨੀ ਨਿਕਲਣੀ ਸ਼ੁਰੂ ਹੋ ਗਈ ਤੇ ਉਸ ਵੇਲੇ ਆਪ ਦੇ ਗਲੇ ਤੋਂ ਫੁਰਮਾਨ ਹੋਇਆ। ਕਹਿਣ ਲੱਗੇ, ਪੰਡਤ ਜੀ! ਹੁਣ ਸੁਣੋ! ਸਿਆਹੀ ਕਿਸ ਚੀਜ਼ ਦੀ ਬਣਦੀ ਹੈ ਤੇ ਕਾਗਜ਼ ਕਿਸ ਚੀਜ਼ ਦਾ ਬਣਦਾ ਹੈ। ਪੜ੍ਹੋ ਪਿਆਰ ਨਾਲ –

ਧਾਰਨਾ – ਮੋਹ ਜਾਲ ਕੇ ਸਿਆਹੀ ਬਣਾ ਲੈ,
ਕਾਗਜ਼ ਬਣਾ ਮੱਤ ਦਾ।

ਛੋਟਾ ਜਿਹਾ ਬਾਲਕ, ਫੱਟੀ ਪਾਧੇ ਦੇ ਹੱਥ ਵਿਚ ਹੈ। ਪੜ੍ਹਾਉਣ ਵਾਲਾ ਚੌਂਕੀ 'ਤੇ ਬੈਠਾ ਹੈ। ਪੜ੍ਹਨ ਵਾਲਾ ਵਿਦਿਆਰਥੀ ਹੇਠਾਂ ਬੈਠਾ ਹੈ। ਟੱਕ ਲਾ ਕੇ ਦੇਖ ਰਿਹਾ ਹੈ ਪਾਧਾ ਕਿ ਹੈਂ ਛੋਟਾ ਜਿਹਾ ਬੱਚਾ! ਇਹ ਮੈਨੂੰ ਮੱਤ ਦੇਣ ਲੱਗਿਆ ਹੈ। ਮੈਂ ਪੜ੍ਹਾਉਂਦਾ ਬੁੱਢਾ ਹੋ ਗਿਆ। ਅੱਜ ਤੱਕ ਤਾਂ ਕੋਈ ਵਿਦਿਆਰਥੀ ਆਇਆ ਨਹੀਂ ਜਿਹੜਾ ਮੈਨੂੰ ਇਸ ਤਰ੍ਹਾਂ ਦਾ ਸਵਾਲ ਪੁੱਛੇ ਕਿ ਤੂੰ ਕੀ ਪੜ੍ਹਾਉਣਾ ਚਾਹੁੰਦਾ ਹੈਂ ਤੇ ਨਾਲ ਆਪਣੀ ਪੜ੍ਹਾਈ ਦੱਸੇ।

ਉਸ ਵੇਲੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਗਲੇ ਤੋਂ ਉਚਾਰਨ ਹੋਇਆ, ਕਹਿੰਦੇ, ਪਾਧਾ ਜੀ! ਦੁਨੀਆਂ ਦੇ ਵਿਚ ਅਸੀਂ ਫਸਦੇ ਹਾਂ, ਕੇਵਲ ਮੋਹ ਕਰਕੇ ਫਸਦੇ ਹਾਂ। ਮੋਹ ਰਾਜਾ ਹੈ ਪੰਜਾਂ ਚੋਰਾਂ 'ਚੋਂ। ਹੰਗਤਾ ਤੇ ਮਮਤਾ ਦੋ ਚੀਜ਼ਾਂ ਇਹਦੇ ਵਿਚ ਨੇ। ਇਕ 'ਮੈਂ' ਤੇ ਇਕ 'ਮੇਰਾ'। ਇਹ ਜਿਹੜਾ 'ਮੈਂ' ਤੇ 'ਮੇਰਾ' ਹੈ ਇਹਨੂੰ ਜਾਲ ਦੇ। ਸਿਆਹੀ ਬਣਾਉਂਦਾ ਹੈਂ। ਦੀਵਾ ਜਲਦਾ ਹੈ ਸਰੋਂ ਦੇ ਤੇਲ ਦਾ ਉਹਦੇ ਉਤੇ ਤੂੰ ਬੰਨ੍ਹੀਂ ਹੋਈ ਹੈ ਠੂਠੀ। ਠੂਠੀ ਵਿਚ ਲਾਟ ਜਾਂਦੀ ਹੈ ਤੇ ਉਹ ਕਾਲਸ ਲੱਗੀ ਜਾਂਦੀ ਹੈ। ਫੁੱਲ ਬਣ ਜਾਂਦਾ ਹੈ ਲਗ-ਲਗ ਕੇ ਉਥੇ। ਉੱਚਾ ਹੋ ਜਾਂਦੈ ਹੌਲੀ-ਹੌਲੀ, ਫੁੱਲ ਬਣ ਜਾਂਦਾ ਹੈ। ਤੇਲ ਪਾਉਂਦੇ ਹੋਂ ਕੋਈ ਸੁਥਰਾ ਜੋ ਫੈਲੇ ਨਾ। ਹੋਰ ਅਨੇਕਾਂ ਚੀਜ਼ਾਂ ਪਾਉਂਦੇ ਹੋਂ ਫੇਰ ਉਹਦੀ ਸਿਆਹੀ ਬਣਦੀ ਹੈ। ਕਹਿੰਦੇ, ਤੂੰ ਇਸ ਤਰ੍ਹਾਂ ਕਰ, ਆਹ ਮੋਹ ਨੂੰ ਜਾਲ ਦੇ। ਜਿੰਨਾਂ ਰੌਲਾ-ਗੌਲਾ ਹੈ ਸਾਰਾ ਮੋਹ ਕਰਕੇ ਹੀ ਹੈ।

ਇਕ ਥਾਂ ਦੇ ਉਤੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਜਾਂਦੇ ਨੇ। ਪ੍ਰਸ਼ਾਦਾ ਛਕਿਆ, ਸੇਵਾ ਕਰੀ ਉਹਨਾਂ ਨੇ। ਬਾਹਰ ਖੂਹ ਚਲਦੈ ਤੇ ਅੱਗੇ ਇਸ ਨੇ ਕੋਈ ਸਤਿ ਕਰਮ ਕਰਿਆ ਨਹੀਂ ਹੈ ਤੇ ਇਹਨੂੰ ਵਾਸ਼ਨਾ ਦੇ ਮੁਤਾਬਿਕ ਜਨਮਾਂ 'ਚ ਜਾਣਾ ਪੈਣੈ।

ਚਲੋ ਪ੍ਰਸ਼ਾਦਾ ਪ੍ਰੇਮ ਨਾਲ ਛਕਾਇਐ ਤੇ ਇਸ ਨੂੰ ਅਸੀਂ ਮੁਕਤ ਕਰ ਦੇਈਏ। ਸਾਰੇ ਪਾਪਾਂ ਦਾ ਖਾਤਮਾ ਕਰਕੇ, ਮੁਕਤੀ ਦੇ ਦੇਈਏ।

ਮਹਾਰਾਜ ਕਹਿੰਦੇ, ਬਾਬਾ! ਤੂੰ ਬੜੀ ਸੇਵਾ ਕਰੀ ਹੈ, ਤੈਨੂੰ ਮੁਕਤੀ ਦੇ ਦੇਈਏ।

ਬਾਬਾ ਵਿਗੜ ਗਿਆ, ਕਹਿੰਦਾ, ਵਾਹ ਜੀ ਵਾਹ ਨਾਲੇ ਤਾਂ ਮੈਂ ਪ੍ਰਸ਼ਾਦਾ ਛਕਾਇਆ, ਨਾਲੇ ਮੈਨੂੰ ਮੁਕਤੀ ਦੇਣ ਲੱਗੇ ਨੇ। ਅਜੇ ਤਾਂ ਮੈਂ ਕਈ ਸਾਲ ਕੰਮ ਕਰਨੈ। ਆਹ ਬੱਚੇ ਕੀ ਕਰਨਗੇ, ਆਹ ਤਾਂ ਹੁਣੇ ਕੱਖ ਨਹੀਂ ਕਰਦੇ। ਮੈਂ ਹੀ ਕਰਦਾ ਹਾਂ ਕੰਮ ਸਾਰੇ।

ਕਹਿੰਦੇ, ਚੰਗਾ, ਉਧਾਰ ਰਿਹਾ ਸਾਡੇ ਨਾਲ ਮੁਕਤੀ ਤੇਰੀ ਅਸੀਂ ਜ਼ਰੂਰ ਕਰਨੀ ਹੈ। ਕੁਝ ਸਮੇਂ ਬਾਅਦ ਜਦੋਂ ਫੇਰ ਆਉਂਦੇ ਨੇ। ਕੀ ਦੇਖਦੇ ਨੇ ਕਿ ਦੋ ਬੈਲ ਜੋੜੇ ਹੋਏ ਨੇ, ਬਾਹਰਲਾ ਜਿਹੜਾ ਬੈਲ ਹੈ ਉਹ ਅੰਦਰਲੇ ਨੂੰ ਦੱਬੀ ਜਾਂਦਾ ਹੈ, ਐਨਾ ਤੇਜ਼ ਚਲਦੈ। ਜਦੋਂ ਹਲਾਈ 'ਤੇ ਮੋੜਦੇ ਨੇ, ਨੱਠ ਕੇ ਮੁੜਦੈ। ਘੁੰਗਰਾਲ ਪਾਈ ਹੋਈ ਹੈ ਗਲ 'ਚ। ਘੁੰਗਰੂ ਖੜਕਦੇ ਨੇ। ਮਹਾਰਾਜ ਦੇਖ ਕੇ ਖੜ੍ਹੇ ਹੋ ਗਏ, ਕਹਿੰਦੇ, ਮਰਦਾਨਿਆ! ਇਥੇ ਬਈ ਆਪਣੇ ਸਿਰ 'ਤੇ ਉਧਾਰ ਹੈ, ਆਪਾਂ ਮੋੜਨੈ। ਜਦੋਂ ਹਲ ਨੇੜੇ ਆ ਗਿਆ ਤਾਂ ਉਥੇ ਮਹਾਰਾਜ ਨੇ ਕਿਹਾ ਕਿ ਅਸੀਂ ਬਚਨ ਕਰਨਾ ਹੈ ਉਪਰਲੇ ਬਲਦ ਨਾਲ। ਹਲ ਰੋਕ ਦਿਤਾ ਹਾਲੀ ਨੇ।

ਸ੍ਰੀ ਗੁਰੂ ਨਾਨਕ ਸਾਹਿਬ ਕਹਿਣ ਲੱਗੇ, ਕਿਉਂ ਬਾਬਾ! ਹੁਣ ਤਾਂ ਤੂੰ ਬੈਲ ਹੋ ਗਿਆ, ਹੁਣ ਤਾਂ ਤੇਰੀ ਮੁਕਤੀ ਕਰ ਦੇਈਏ? ਸਾਡੇ ਸਿਰ ਦੇ ਉਤੇ ਵਜ਼ਨ ਹੈ ਤੇਰੇ ਪ੍ਰਸ਼ਾਦੇ ਦਾ।

ਸਿਰ ਹਿਲਾ ਦਿਤਾ ਜ਼ੋਰ ਨਾਲ।

ਕਹਿੰਦੇ, ਕੀ ਗੱਲ?

ਕਹਿੰਦਾ, ਮਹਾਰਾਜ! ਪਹਿਲਾਂ ਤਾਂ ਮੈਂ ਜਾਉਂਗਾ, ਮੁਕਤੀ ਕਰੋਂਗੇ ਮੇਰੀ, ਫੇਰ ਇਹ ਨਵਾਂ ਲੈਣਗੇ, ਇਹ

ਤਾਂ ਗਰੀਬ ਹੋ ਜਾਣਗੇ। ਹੁਣ ਜੇ ਅੱਜਕੱਲ੍ਹ ਦਾ ਬੈਲ ਲਓ ਤਾਂ ਕਾਫੀ ਮਹਿੰਗਾ ਆਉਂਦੈ। ਸੋ ਮਹਾਰਾਜ! ਮੇਰੇ ਮਰਨ ਨਾਲ ਇਹ ਨਵਾਂ ਬੈਲ ਲੈਣਗੇ, ਇਹਨਾਂ ਦੇ ਸਿਰ ਕਰਜ਼ਾ ਹੋ ਜਾਊ। ਮਹਾਰਾਜ! ਨਾ। ਮੈਂ ਬੜਾ ਖੁਸ਼ ਹਾਂ।

ਦੂਸਰੀ ਵਾਰੀ ਜਦੋਂ ਫੇਰ ਆਉਂਦੇ ਨੇ, ਕੁੱਤਾ ਬੈਠਾ ਹੈ ਖੂਹ ਦੇ ਉਤੇ ਤੇ ਇਹ ਸਾਰਾ ਪਰਿਵਾਰ ਵੀ ਬੈਠਾ ਹੈ।

ਮਹਾਰਾਜ ਕਹਿੰਦੇ, ਕਿਉਂ ਬਈ ਬਾਬਾ! ਗੱਲ ਸੁਣ। ਹੁਣ ਤਾਂ ਤੇਰੀ ਮੁਕਤੀ ਕਰ ਦੇਈਏ? ਹੁਣ ਤਾਂ ਕੁੱਤਾ ਬਣ ਗਿਆ।

ਕੰਨ ਹਿਲਾ ਦਿਤੇ।

ਕਹਿੰਦੇ, ਕੀ ਗੱਲ?

ਕਹਿੰਦਾ, ਮਹਾਰਾਜ! ਮੇਰੇ ਬੱਚੇ ਸ਼ਰਾਬੀ ਨੇ। ਸ਼ਰਾਬ ਪੀਂਦੇ ਨੇ। ਇਹ ਰਾਤ ਨੂੰ ਸ਼ਰਾਬ ਪੀ ਕੇ ਸੌਂ ਜਾਂਦੇ ਨੇ। ਨੂੰਹਾਂ ਮੇਰੀਆਂ ਕੁੰਡਾ ਲਾਉਂਦੀਆਂ ਨੇ, ਇਕ ਜਿੰਦੀ ਜਿਹੀ ਫਸਾ ਕੇ, ਉਹ ਵੀ ਉਤੇ ਜਾ ਪੈਂਦੀਆਂ ਨੇ। ਚੋਰ ਆਉਂਦੇ ਨੇ ਘਰ ਲੁੱਟਣ। ਕਹਿੰਦਾ, ਫੇਰ ਮੈਂ ਭੌਂਕਦਾ ਹਾਂ ਪੂਰੇ ਜ਼ੋਰ ਨਾਲ। ਆਹ ਦੇਖੋ ਮੇਰੀ ਪਿੱਠ ਤੋੜੀ ਪਈ ਹੈ ਚੋਰਾਂ ਨੇ ਡੰਡੇ ਮਾਰ-ਮਾਰ ਕੇ ਤੇ ਜੇ ਮੈਂ ਮਰ ਗਿਆ, ਇਹ ਤਾਂ ਕੰਗਾਲ ਹੋ ਜਾਣਗੇ। ਚੋਰ ਆ ਕੇ ਚੋਰੀ ਕਰ ਲੈਣਗੇ।

ਅਗਲਾ ਜਨਮ ਲਿਖਿਆ ਹੈ ਕਿ ਸੱਪ ਦਾ ਮਿਲਿਆ ਉਹਨੂੰ। ਉਹ ਸੱਪ ਦੇ ਜਨਮ 'ਚ ਪਾਥੀਆਂ 'ਚ ਰਹਿੰਦਾ ਹੁੰਦਾ ਤੇ ਬਾਲ ਬੱਚੇ ਵਧ ਗਏ। ਉਹਨਾਂ ਨੂੰ ਦੇਖੀ ਜਾਂਦਾ ਸੀ।

ਇਕ ਦਿਨ ਬੱਚੇ ਨੂੰ ਪਾ ਕੇ ਉਹ ਪੰਘੂੜੇ 'ਚ ਪਾ ਕੇ ਬਾਹਰ ਚਲੇ ਗਏ। ਬੱਚਾ ਉਠ ਕੇ ਰੋਣ ਲਗ ਗਿਆ।

ਬਾਬੇ ਨੇ ਦੇਖਿਆ ਕਿ ਮੇਰਾ ਤਾਂ ਪੋਤਾ ਰੋਂਦੈ। ਪਾਥੀਆਂ 'ਚੋਂ ਨਿਕਲ ਆਇਆ। ਨਿਕਲ ਕੇ ਆ ਕੇ ਪਾਵੇ ਨਾਲ ਵਲ ਪਾ ਕੇ ਉਤੇ ਚੜ੍ਹ ਗਿਆ। ਉਸ ਬੱਚੇ ਨਾਲ ਖੇਲ੍ਹਣ ਲਗ ਗਿਆ।

ਐਨੇ ਨੂੰ ਵੱਡਾ ਮੁੰਡਾ ਆ ਗਿਆ, ਉਹਨੇ ਦੇਖਿਆ ਕਿ ਸੱਪ। ਇਹ ਨੱਠ ਕੇ ਖੱਡ 'ਚ ਵੜਨ ਲੱਗਿਆ। ਮੁੰਡੇ ਨੇ ਜਾ ਕੇ ਮਾਰ ਦਿਤਾ।

ਉਸ ਤੋਂ ਬਾਅਦ ਜਦੋਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਫੇਰ ਆਉਂਦੇ ਨੇ, ਸੁੰਡ ਬਣਿਆ ਹੋਇਐ। ਕਹਿੰਦੇ, ਮਰਦਾਨਿਆਂ! ਹੁਣ ਨਹੀਂ ਆਪਾਂ ਲਿਜਾਜ਼ ਕਰਨੀ। ਘਰ ਆ ਗਏ, ਜਾਣਦੇ ਸੀ, ਮੰਜਾ ਡਾਹ ਦਿਤਾ।

ਮਹਾਰਾਜ ਕਹਿੰਦੇ, ਮਰਦਾਨਿਆ! ਔਹ ਜਿਹੜਾ ਨਾਲੀ 'ਚ ਸੁੰਡ ਹੈ, ਡੱਕੇ ਨਾਲ ਕੱਢ ਲਿਆ ਬਾਹਰ। ਕੱਢ ਲਿਆਂਦਾ। ਕਹਿੰਦੇ, ਕਿਉਂ ਬਾਬਾ! ਤੇਰਾ ਉਧਾਰ ਮੋੜਨਾ ਹੈ ਅਸੀਂ, ਤੇਰੀ ਮੁਕਤੀ ਕਰ ਦੇਈਏ। ਕਿਵੇਂ ਵਿਹਾਰ ਚਲਦੈ?

ਕਹਿੰਦਾ, ਮਹਾਰਾਜ! ਆਹ ਬੱਚੇ ਅੱਧਾ ਖਾਂਦੇ ਨੇ, ਅੱਧਾ ਸੁੱਟਦੇ ਨੇ, ਰੁੜ ਕੇ ਨਾਲੀ 'ਚੋਂ ਆ ਜਾਂਦੈ, ਮੈਂ ਇਹ ਖਾ ਕੇ ਗੁਜ਼ਾਰਾ ਕਰਦਾ ਹਾਂ। ਫੇਰ ਮੈਂ ਨਾਲੀ ਦੀ ਵੱਟ ਦੇ ਉਤੇ ਆਪਣਾ ਸਿਰ ਰਖ ਲੈਂਦਾ, ਮੈਂ ਬੱਚਿਆਂ ਨੂੰ ਖੇਲ੍ਹਦਿਆਂ ਨੂੰ ਦੇਖੀ ਜਾਂਦਾ ਹਾਂ।

ਮਹਾਰਾਜ ਕਹਿੰਦੇ, ਇਹਨੇ ਤਾਂ ਨਹੀਂ ਜਾਣਾ। ਮਰਦਾਨਿਆ! ਵਾਹਿਗੁਰੂ ਕਹਿ, ਛਿੱਟਾ ਮਾਰ। ਛਿੱਟਾ ਮਾਰ ਦਿਤਾ, ਚੜ੍ਹਾਈ ਕਰ ਗਿਆ। ਦਿੱਬ ਦੇਹ ਪ੍ਰਾਪਤ ਹੋ ਗਈ।

ਮਹਾਰਾਜ ਕਹਿੰਦੇ, ਕਿਉਂ ਬਾਬਾ? ਇਹਨੂੰ ਅਸੀਂ ਮੁਕਤੀ ਕਹਿੰਦੇ ਸੀ।

ਕਹਿਣ ਲੱਗਿਆ, ਜੀ ਇਹ ਤਾਂ ਬਹੁਤ ਅਨੰਦ ਦੀ ਅਵਸਥਾ ਹੈ।

ਸੋ ਮਹਾਰਾਜ ਕਹਿੰਦੇ, ਮੋਹ ਦੇ ਵਸ ਹੋਇਆ ਬੰਦਾ, ਉਸੇ ਘਰ 'ਚ ਬਾਰ-ਬਾਰ ਜੰਮਦੈ, ਕਦੇ ਕੁੱਤਾ ਬਣ ਗਿਆ, ਕਦੇ ਬਿੱਲਾ ਬਣ ਗਿਆ। ਕਦੇ ਸੂਰ ਬਣ ਗਿਆ, ਕਦੇ ਸੱਪ ਬਣ ਗਿਆ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜਾਂਦੇ ਨੇ ਤੇ ਅਚਾਨਕ ਜਾਂਦੇ-ਜਾਂਦੇ ਸ਼ਬਦ ਪੜ੍ਹਨ ਲਗ ਗਏ।

ਭੂਮੀਆ ਭੂਮਿ ਊਪਰਿ ਨਿਤ ਲੁਝੈ ॥
ਛੋਡਿ ਚਲੈ ਤ੍ਰਿਸਨਾ ਨਹੀ ਬੁਝੈ ॥ *ਅੰਗ - ੧੮੮*

ਓਧਰ ਖੱਬੇ ਪਾਸੇ ਇਕ ਤਿੱਤਰ ਜ਼ੋਰ-ਜ਼ੋਰ ਦੀ ਬੋਲਦੈ, ਮਹਾਰਾਜ ਹੱਸੀ ਜਾਂਦੇ ਨੇ।

ਸਿੰਘਾਂ ਨੇ ਪੁਛਿਆ ਮਹਾਰਾਜ! ਇਕ ਤਾਂ ਤੁਸੀਂ ਸ਼ਬਦ ਪੜ੍ਹਨ ਲਗ ਗਏ ਅਚਾਨਕ ਹੀ। ਇਕ ਤੁਸੀਂ ਬਹੁਤ ਹੱਸ ਰਹੇ ਹੋਂ? ਇਸ ਦਾ ਕੀ ਕਾਰਨ ਹੈ?

ਮਹਾਰਾਜ ਕਹਿੰਦੇ, ਆਪਾਂ ਨੂੰ ਅਪ-ਸ਼ਬਦ ਬੋਲ ਰਿਹੈ ਤਿੱਤਰ। ਤੁਹਾਨੂੰ ਤਾਂ ਪਤਾ ਨਹੀਂ ਲਗਦਾ। ਕਹਿੰਦੇ, ਮਹਾਰਾਜ! ਕੌਣ ਹੈ ਇਹ?

ਕਹਿੰਦੇ, ਇਥੋਂ ਦਾ ਰਾਜਾ ਹੁੰਦਾ ਸੀ ਇਹ। ਆਹ ਇਹਦਾ ਫਾਰਮ ਸੀਗਾ, ਜਿਥੋਂ ਦੀ ਆਪਾਂ ਲੰਘੇ ਜਾਂਦੇ ਹਾਂ। ਕਹਿੰਦੇ, ਮਰ ਗਿਆ, ਇਹਦਾ ਮੋਹ ਸੀ ਬਹੁਤ ਜ਼ਮੀਨ ਦੇ ਨਾਲ। ਮੁੜ ਕੇ ਤਿੱਤਰ ਬਣ ਗਿਆ। ਇਹਨੂੰ ਪਿਛਲੇ ਜਨਮ ਦੀ ਸੋਝੀ ਰਹਿ ਗਈ। ਹੁਣ ਸਾਨੂੰ ਗਾਲ੍ਹਾਂ ਕੱਢਦੈ ਕਿ ਤੁਸੀਂ ਫਸਲਾਂ ਮਿੱਧ ਰਹੇ ਹੋਂ। ਸਿੰਘਾਂ ਨੂੰ ਕਿਹਾ ਕਿ ਜਾਓ ਫੜ ਕੇ ਲਿਆਓ।

ਮਹਾਰਾਜ ਕਹਿਣ ਲੱਗੇ, ਖੱਬੀ ਅੱਖ ਤੋਂ ਕਾਣਾ ਹੈ ਇਹ ਤਿੱਤਰ। ਸੋ ਸਿੰਘਾਂ ਨੇ ਜਾ ਕੇ ਫੜ ਲਿਆਂਦਾ। ਮਹਾਰਾਜ ਕੋਲ ਲਿਆਂਦਾ। ਮਹਾਰਾਜ ਨੇ ਕ੍ਰਿਪਾ ਦ੍ਰਿਸ਼ਟੀ ਕਰਕੇ, ਉਹਦਾ ਪਿੰਜਰਾ ਛੁਡਵਾ ਕੇ, ਉਹਨੂੰ ਮੁਕਤ ਕਰ ਦਿਤਾ।

ਮੋਹ ਦਾ ਬੰਨ੍ਹਿਆ ਹੋਇਆ ਬੰਦਾ ਬਾਰ-ਬਾਰ ਜੰਮਦੈ। ਉਥੇ ਹੀ ਜੰਮੀ ਜਾਂਦੈ।

ਸੋ ਮਹਾਰਾਜ ਕਹਿੰਦੇ, ਪਾਧਾ! ਮੋਹ ਨੂੰ ਤਾਂ ਜਾਲ ਦੇ, ਖਤਮ ਕਰ ਦੇ। ਇਹਦੀ ਤਾਂ ਬਣਾ ਲੈ ਸਿਆਹੀ-

ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ ॥
ਅੰਗ- ੧੬

ਜਿਹੜੀ ਸਾਰ ਦੀ ਮੱਤ ਹੈ ਨਾ, ਸਾਡੇ ਅੰਦਰ ਵਿਹਾਰ ਦੀ ਮੱਤ ਹੈ। ਸਾਰ ਦੀ ਮੱਤ ਨਹੀਂ ਹੈ। ਅਸੀਂ ਵਿਹਾਰ ਦੀ ਗੱਲ ਤਾਂ ਸੋਚ ਲੈਂਦੇ ਹਾਂ ਕਿ ਜੇ ਫਲਾਣੇ ਥਾਂ ਪੈਸਾ ਲਾਈਏ ਤਾਂ ਕਿੰਨਾ ਲਾਭ ਹੋਵੇ। ਫਲਾਣੀ ਬਿਜਨਸ 'ਚ ਮੈਂ ਪੈਸਾ ਲਾ ਦੇਵਾਂ, ਫਲਾਣੀ ਥਾਂ ਮੈਂ ਜਾਵਾਂ, ਮੈਨੂੰ ਮੁਨਾਫਾ ਹੋ ਜਾਏਗਾ। ਇਹਨੂੰ ਵਿਹਾਰ ਦੀ ਮੱਤ ਕਹਿੰਦੇ ਨੇ। ਇਕ ਹੁੰਦੀ ਹੈ, ਸਾਰ ਮੱਤ। ਸਾਰ ਮੱਤ ਇਹ ਹੁੰਦੀ ਹੈ ਕਿ ਇਥੇ ਸੰਸਾਰ ਵਿਚ ਝੂਠੀ ਚੀਜ਼ ਕਿਹੜੀ ਹੈ, ਸੱਚੀ ਕਿਹੜੀ ਹੈ? ਉਹ ਫੇਰ ਗਿਣੀ ਜਾਂਦੈ ਕਿ ਇਹ ਵੀ ਝੂਠੀ, ਇਹ ਵੀ ਝੂਠੀ। ਸੱਚਾ ਕੀ ਰਹਿ ਗਿਆ? ਵਾਹਿਗੁਰੂ ਰਹਿ ਗਿਆ। ਇਹਨੂੰ ਵਿਵੇਕ ਕਹਿੰਦੇ ਨੇ। ਮਹਾਰਾਜ ਕਹਿੰਦੇ, ਵਿਵੇਕ ਦੀ ਮੱਤ ਧਾਰਨ ਕਰ ਲੈ। ਫੇਰ ਤੂੰ ਕਲਮ ਬਣਾ।

ਕਹਿੰਦੇ, ਮਹਾਰਾਜ! ਕਲਮ ਵੀ ਕੁਝ ਹੋਰ ਤਰੀਕੇ ਨਾਲ ਬਣਦੀ ਹੈ?

ਮਹਾਰਾਜ ਕਹਿੰਦੇ, ਕਲਮ ਵੀ ਹੋਰ ਹੈ। ਲਿਖਾਰੀ ਵੀ ਹੋਰ ਹੈ। ਉਹ ਕਲਮ ਤੂੰ ਬਣਾ ਲੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

ਧਾਰਨਾ - ਕਲਮ ਪਿਆਰ ਦੀ ਬਣਾ ਕੇ ਲਿਖ ਲੈ,
ਪੁੱਛ ਕੇ ਵਿਚਾਰ ਗੁਰਾਂ ਨੂੰ।

ਕਹਿਣ ਲੱਗੇ, ਪਾਧਾ ਜੀ! ਦੇਖੋ, ਮੋਹ ਦੀ ਤਾਂ ਤੁਸੀਂ ਸਿਆਹੀ ਬਣਾਓ ਤੇ ਕਾਗਜ਼ ਦੀ ਥਾਂ ਜਿਹੜੀ ਸ੍ਰੇਸ਼ਟ ਬੁੱਧੀ ਹੈ, ਉਹਨੂੰ ਕਾਗਜ਼ ਬਣਾਓ।

ਹੈਰਾਨ ਹੋ ਗਿਆ ਪਾਧਾ ਕਿ ਗੱਲ ਸਮਝ ਲਵਾਂ ਮੈਂ।

ਮੇਰੇ ਤਾਂ ਭਲੇ ਦੀ ਗੱਲ ਕਹਿ ਰਹੇ ਨੇ ਨਾਨਕ ਜੀ। ਸੋਚ ਲਿਆ ਕਿ ਮੋਹ ਹੈ ਮੇਰਾ ਘਰ ਵਿਚ ਪਿਆ ਹੋਇਆ। ਮੇਰੇ ਬੱਚਿਆਂ ਨਾਲ ਮੋਹ, ਮੇਰੇ ਪਰਿਵਾਰ ਨਾਲ, ਮੇਰੇ ਸਬੰਧੀਆਂ ਨਾਲ, ਮੇਰੇ ਘਰ ਨਾਲ, ਮੇਰੀ ਜਾਇਦਾਦ ਨਾਲ ਮੋਹ ਹੈ। ਇਹ ਤਾਂ ਫੇਰ ਤੋੜਨਾ ਹੀ ਪੈਣਾ ਹੈ। ਤੋੜਾਂਗਾ ਤਾਂ ਸਿਆਹੀ ਬਣੇਗੀ ਤੇ ਦੁਨੀਆਂ ਨੂੰ ਮੈਂ ਸਤਿ ਜਾਣਦਾ ਹੈ ਪਰ ਇਹ ਤਾਂ ਝੂਠੀ ਹੈ। ਨਿਰੰਕਾਰ ਸਤਿ ਹੈ। ਉਹਨੂੰ ਸਤਿ ਜਾਣਨ ਵਾਲੀ ਬੁੱਧੀ ਜਿਹੜੀ ਹੈ, ਸਾਰ ਮੱਤ ਉਹ ਕਾਗਜ਼ ਬਣ ਗਿਆ। ਹੁਣ ਦੋ ਚੀਜ਼ਾਂ ਬਣ ਗਈਆਂ। ਕਲਮ ਵੀ ਮੇਰੇ ਕੋਲ ਆ ਗਈ ਤੇ ਕਾਗਜ਼ ਵੀ ਆ ਗਿਆ ਤੇ ਹੁਣ ਕਲਮ ਕਾਹਦੀ ਕਹਿੰਦੇ ਨੇ। ਸਿਆਹੀ ਆ ਗਈ। ਦਵਾਤ ਬਣ ਗਈ ਮੇਰੇ ਕੋਲ। ਕਾਗਜ਼ ਬਣ ਗਿਆ। ਹੁਣ ਚਾਹੀਦੀ ਹੈ ਕਲਮ। ਮਹਾਰਾਜ ਕਹਿੰਦੇ, ਕਲਮ ਜਿਹੜੀ ਬਣਾਉਣੀ ਹੈ -

ਭਾਉ ਕਲਮ ਕਰਿ ਚਿਤੁ ਲੇਖਾਰੀ
ਗੁਰ ਪੁਛਿ ਲਿਖੁ ਬੀਚਾਰੁ ॥ *ਅੰਗ- ੧੬*

ਉਹ ਪਿਆਰ ਦੀ ਕਲਮ ਬਣਾ ਲੈ, ਭਗਤੀ ਦੀ ਕਲਮ। ਹੋਛੀਆਂ ਗੱਲਾਂ, ਕਰਮ-ਧਰਮ ਦੇ ਵਿਚ ਨਾ ਫਸ। ਪਿਆਰ ਦੀ ਕਲਮ ਬਣਾ। ਪਿਆਰ ਕਰਨਾ ਹੈ ਤਾਂ ਵਾਹਿਗੁਰੂ ਨੂੰ ਕਰ, ਕਿਉਂਕਿ ਉਹ ਨਿਰਾ ਪਿਆਰ ਹੈ -

ਸਾਚੁ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ
ਤਿਨ ਹੀ ਪ੍ਰਭ ਪਾਇਓ। *ਪਾਤਸ਼ਾਹੀ ੧੦*

ਜੇ ਤੇਰੇ ਹਿਰਦੇ ਵਿਚ ਪਿਆਰ ਹੋਏਗਾ, ਖਿੱਚ ਹੋਏਗੀ -

ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।
ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।
ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ।
ਵਸਲੋਂ ਉਰੇ ਮੁਕਾਮ ਨ ਕੋਈ
ਸੋ ਚਾਲ ਪਏ ਨਿਤ ਰਹਿੰਦੇ। *ਭਾਈ ਵੀਰ ਸਿੰਘ ਜੀ*

ਜਿਹਦੇ ਹਿਰਦੇ ਵਿਚ ਪਿਆਰ ਹੈ ਉਹ ਪਿਆਰੇ ਦੀ ਤਲਾਸ਼ ਵਿਚ ਦਿਨ ਰਾਤ ਰਹਿੰਦੈ। ਜਿਸ ਤਰ੍ਹਾਂ ਦੇ ਨਾਲ ਫੁਰਮਾਨ ਕੀਤਾ ਹੈ -

ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥
ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥
ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥
ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥
ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥

ਅੰਗ- ੭੦੯

ਕਹਿਣ ਲੱਗੇ, ਪਾਧਾ ਜੀ! ਐਨੀ ਖਿੱਚ ਹਿਰਦੇ 'ਚ ਪੈਦਾ ਹੋਵੇ ਇਹਨੂੰ ਪਿਆਰ ਕਹਿੰਦੇ ਨੇ, ਪ੍ਰੇਮ ਕਹਿੰਦੇ ਨੇ। ਖਿੱਚ ਹੋਵੇ, ਦਰਸ਼ਨਾਂ ਦੀ ਸਿੱਕ ਹੋਵੇ ਮਨ ਵਿਚ, ਇਹਦੀ ਕਲਮ ਬਣਾ ਤੂੰ। ਹੁਣ ਤੀਸਰੀ ਗੱਲ ਵੀ ਸਮਝ ਵਿਚ ਆ ਗਈ ਕਿ ਕਲਮ ਪਿਆਰ ਦੀ ਕਹਿੰਦੇ ਨੇ ਨਾਨਕ ਜੀ।

ਕਹਿੰਦੇ, ਲਿਖਣ ਵਾਲਾ ਨਾਨਕ ਮੈਂ ਲਿਖਾਂ?

ਕਹਿੰਦੇ, 'ਕਰਿ ਚਿਤੁ ਲੇਖਾਰੀ'। ਹੱਥਾਂ ਦੀ ਥਾਂ 'ਤੇ ਚਿੱਤ ਨੂੰ ਬਣਾ ਲੈ। ਚਿਤ ਨਾਲ ਲਿਖ, ਉਤੋਂ-ਉਤੋਂ ਨਾ ਲਿਖੀ। ਜਿਹੜੀ ਗੱਲ ਚਿੱਤ ਨਾਲ ਹਿਰਦੇ ਤੋਂ ਲਿਖੀ ਜਾਂਦੀ ਹੈ, ਉਹ ਭੁੱਲਦੀ ਨਹੀਂ ਹੈ। ਉਹਦੇ ਵਿਚ ਸ਼ਕਤੀ ਹੁੰਦੀ ਹੈ। ਕਹਿੰਦੇ, ਗੁਰੂ ਨੂੰ ਪੁੱਛ ਕੇ ਲਿਖ - 'ਗੁਰ ਪੁਛਿ ਲਿਖੁ ਬੀਚਾਰੁ ।' ਗੁਰੂ ਨੂੰ ਪੁੱਛ ਕਿ ਮੈਂ ਕੀ ਲਿਖਣਾ ਹੈ?

ਗੁਰੂ ਦਸਦੈ ਫੇਰ ਕਿ ਹਿਰਦੇ ਦੀ ਫੱਟੀ ਦੇ ਉਤੇ ਪਿਆਰ ਦੀਆਂ ਕਲਮਾਂ ਦੇ ਨਾਲ ਤੂੰ ਲਿਖ। ਪ੍ਰਮੇਸ਼ਰ ਦਾ ਨਾਮ ਲਿਖ ਭਾਈ। ਇਸ ਤਰ੍ਹਾਂ ਨਾਲ ਪੜ੍ਹ ਲਓ-

ਧਾਰਨਾ - ਵਾਹਿਗੁਰੂ-ਵਾਹਿਗੁਰੂ ਲਿਖ ਲੈ ਪਿਆਰੇ,
ਵਾਹਿਗੁਰੂ-ਵਾਹਿਗੁਰੂ ਲਿਖ ਲੈ।

